Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 62 | Wednesday, March 30, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਜੰਗ ਰੋਕਣ ਦੇ ਇਰਾਦੇ ਨਾਲ ਯੂਕਰੇਨ ਤੇ ਰੂਸ ਦਰਮਿਆਨ ਗੱਲਬਾਤ ਸ਼ੁਰੂ



ਕੀਵ, ਯੂਕਰੇਨ, 29 ਮਾਰਚ (ਪੋਸਟ ਬਿਊਰੋ) : ਰੂਸ ਤੇ ਯੁਕਰੇਨ ਦਰਮਿਆਨ ਮੰਗਲਵਾਰ ਨੂੰ ਤੁਰਕੀ ਵਿੱਚ ਪਹਿਲੀ ਆਹਮੋ ਸਾਹਮਣੀ ਗੱਲਬਾਤ ਸ਼ੁਰੂ ਹੋਈ। ਇਸ ਗੱਲਬਾਤ ਨਾਲ ਦੋਵਾਂ ਮੁਲਕਾਂ ਵਿਚਾਲੇ ਜੰਗ ਖ਼ਤਮ ਕਰਨ ਦੀ ਸੰਭਾਵਨਾ ਪੈਦਾ ਹੋਈ ਹੈ।

ਇਸਤਾਨਬੁਲ ਵਿੱਚ ਮੀਟਿੰਗ ਤੋਂ ਪਹਿਲਾਂ ਯੂਕਰੇਨੀ ਰਾਸ਼ਟਰਪਤੀ ਨੇ ਆਖਿਆ ਕਿ ਰੂਸ ਦੀ ਮੰਗ ਅਨੁਸਾਰ ਉਨ੍ਹਾਂ ਦਾ ਦੇਸ ਨਿਰਪੱਖਤਾ ਦਾ ਐਲਾਨ ਕਰਨ ਲਈ ਤਿਆਰ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਪੂਰਬੀ ਰੀਜਨ ਡੌਨਬਾਸ ਉੱਤੇ ਸਮਝੌਤਾ ਕਰਨ ਲਈ ਵੀ ਤਿਆਰ ਹਨ। ਇਸ ਤਰ੍ਹਾਂ ਦੀਆਂ ਟਿੱਪਣੀਆਂ ਨਾਲ ਗੱਲਬਾਤ ਨੂੰ ਹੁਲਾਰਾ ਮਿਲ ਸਕਦਾ ਹੈ। ਪਰ ਉਨ੍ਹਾਂ ਇਹ ਵੀ ਆਖਿਆ ਕਿ ਇਸ ਸਮੇਂ ਜਦੋਂ ਵਾਰਤਾਕਾਰ ਗੱਲਬਾਤ ਲਈ ਜੁਟੇ ਹਨ ਤਾਂ ਅਜਿਹੇ ਵਿੱਚ ਵੀ ਜੰਗ ਜਾਰੀ ਹੈ ਤੇ ਪੱਛਮੀ ਯੂਕਰੇਨ ਵਿੱਚ ਇੱਕ ਤੇਲ ਡੀਪੂ ਉੱਤੇ ਅਤੇ ਸਾਊਥ ਵਿੱਚ ਸਰਕਾਰੀ ਇਮਾਰਤ ਉੱਤੇ ਰੂਸੀ ਫੌਜ ਵੱਲੋਂ ਹਮਲਾ ਕਰ ਦਿੱਤਾ ਗਿਆ।

ਇਸ ਦੌਰਾਨ ਤੁਰਕੀ ਦੇ ਰਾਸ਼ਟਰਪਤੀ ਰੈਸੇਪ ਤਯਿੱਪ ਅਰਡੋਗਨ ਨੇ ਦੋਵਾਂ ਧਿਰਾਂ ਨੂੰ ਸ਼ਾਂਤੀ ਬਰਕਰਾਰ ਰੱਖਣ ਤੇ ਸੰਘਰਸ਼ ਨੂੰ ਠੱਲ੍ਹ ਪਾਉਣ ਦੀ ਇਤਿਹਾਸਕ ਜ਼ਿੰਮੇਵਾਰੀ ਨਿਭਾਉਣ ਦੀ ਅਪੀਲ ਕੀਤੀ। ਅਰਡੋਗਨ ਨੇ ਆਖਿਆ ਕਿ ਜੇ ਜੰਗਬੰਦੀ ਕਰ ਦਿੱਤੀ ਜਾਂਦੀ ਹੈ ਤਾਂ ਉਸ ਵਿੱਚ ਕੋਈ ਹੇਠੀ ਨਹੀਂ ਹੋਵੇਗੀ ਸਗੋਂ ਖਿੱਤੇ ਵਿੱਚ ਸ਼ਾਂਤੀ ਹੀ ਬਹਾਲ ਹੋਵੇਗੀ। ਇਸ ਸੰਘਰਸ਼ ਨੂੰ ਜਾਰੀ ਰੱਖਣ ਨਾਲ ਕਿਸੇ ਦਾ ਭਲਾ ਨਹੀਂ ਹੋਣ ਵਾਲਾ। ਇਸ ਗੱਲਬਾਤ ਵਿੱਚ ਦੋਵਾਂ ਦੇਸ਼ਾਂ ਦੇ ਵਫਦ ਸਮੇਤ ਚੈਲਸੀ ਫੁੱਟਬਾਲ ਕਲੱਬ ਦੇ ਮਾਲਕ ਰੋਮਨ ਐਬਰਾਮੋਵਿਚ ਵੀ ਹਾਜ਼ਰ ਸਨ।

## 7 ਅਪਰੈਲ ਨੂੰ ਪੇਸ਼ ਕੀਤਾ ਜਾਵੇਗਾ 2022 ਦਾ ਫੈਡਰਲ ਬਜਟ : ਫਰੀਲੈਂਡ



ਓਟਵਾ, 29 ਮਾਰਚ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਸਰਕਾਰ ਵੱਲੋਂ ਸਾਲ 2022 ਦਾ ਬਜਟ 7 ਅਪਰੈਲ ਨੂੰ ਪੇਸ਼ ਕੀਤਾ ਜਾਵੇਗਾ। 2021 ਦੀਆਂ ਫੈਡਰਲ ਚੋਣਾਂ ਤੋਂ ਬਾਅਦ ਇਹ ਪਹਿਲਾ ਬਜਟ ਹੋਵੇਗਾ ਤੇ ਇਸ ਵਿੱਚ ਡਿਫੈਂਸ ਉੱਤੇ ਕੀਤੇ ਜਾਣ ਵਾਲੇ ਖਰਚੇ ਵਿੱਚ ਵਾਧੇ ਦੇ ਨਾਲ ਨਾਲ ਲਿਬਰਲ ਸਰਕਾਰ ਵੱਲੋਂ ਆਪਣੇ ਵਾਅਦਿਆਂ, ਜਿਵੇਂ ਕਿ ਡੈਂਟਲ ਕੇਅਰ- ਜਿਸ ਨੂੰ ਨਵੇਂ ਲਿਬਰਲ-ਐਨਡੀਪੀ ਕਾਨਫੀਡੈਂਸ ਐਂਡ ਸਪਲਾਈ ਅਗਰੀਮੈਂਟ ਵਜੋਂ ਸਿਰੇ ਲਾਉਣ ਦਾ ਕਰਾਰ ਕੀਤਾ ਗਿਆ ਹੈ, ਨੂੰ ਪੂਰਾ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਵੇਗੀ। ਹਾਊਸ ਆਫ ਕਾਮਨਜ਼ ਵਿੱਚ ਪ੍ਰਸ਼ਨ ਕਾਲ ਦੌਰਾਨ ਫਰੀਲੈਂਡ ਨੇ ਆਖਿਆ ਕਿ ਸਾਡੀ ਸਰਕਾਰ ਅਰਥਚਾਰੇ ਦੇ ਵਿਕਾਸ, ਜ਼ਿੰਦਗੀ ਨੂੰ ਹੋਰ ਕਿਫਾਇਤੀ ਬਣਾਉਣ ਅਤੇ ਅਜਿਹੇ ਕੈਨੇਡਾ ਦਾ ਨਿਰਮਾਣ ਜਾਰੀ ਰੱਖਣ ਲਈ ਮੁੜ ਚੁਣੀ ਗਈ ਹੈ ਜਿੱਥੇ ਕੋਈ ਵੀ ਪਿੱਛੇ ਨਹੀਂ ਰਹੇਗਾ। ਅਸੀਂ ਇਹੋ ਕੁੱਝ ਕਰ ਰਹੇ ਹਾਂ ਤੇ ਅਸੀਂ ਬਜਟ ਵਿੱਚ ਵੀ ਇਹੋ ਕੁੱਝ ਕਰਨਾ ਜਾਰੀ ਰੱਖਾਂਗੇ।

ਦਸੰਬਰ ਵਿੱਚ ਫਰੀਲੈਂਡ ਵੱਲੋਂ ਪੇਸ਼ ਕੀਤੀ ਗਈ ਤਾਜ਼ਾ ਆਰਥਿਕ ਅਪਡੇਟ ਵਿੱਚ ਸਰਕਾਰ ਵੱਲੋਂ ਇਹ ਵਾਅਦਾ ਕੀਤਾ ਗਿਆ ਕਿ ਕੋਵਿਡ-19 ਨਾਲ ਨਜਿੱਠਣ ਲਈ 8 ਮਿਲੀਅਨ ਡਾਲਰ ਤੋਂ ਵੱਧ ਦੀ ਰਕਮ ਰੱਖੀ ਜਾਵੇਗੀ। ਫਰੀਲੈਂਡ ਨੇ ਕੌਮੀ ਘਾਟੇ ਵਿੱਚ ਕਮੀ ਆਉਣ ਦੀ ਗੱਲ ਵੀ ਆਖੀ ਸੀ। ਉਸ ਸਮੇਂ ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਅਨੁਸਾਰ 2021-22 ਵਿੱਚ ਘਾਟਾ 154.7 ਤੋਂ ਘੱਟ ਕੇ 144.5 ਬਿਲੀਅਨ ਡਾਲਰ ਰਹਿਣ ਦੀ ਗੱਲ ਆਖੀ ਗਈ ਸੀ। 2022-23 ਵਿੱਤੀ ਵਰ੍ਹੇ ਵਿੱਚ ਪਹਿਲਾਂ ਕੀਤੀ ਗਈ 59.7 ਬਿਲੀਅਨ ਦੀ ਪੇਸ਼ੀਨਿਗੋਈ ਤੋਂ ਮਾਮੂਲੀ ਜਿਹਾ ਘੱਟ ਕੇ 58.4 ਬਿਲੀਅਨ ਡਾਲਰ ਰਹਿਣ ਦੀ ਪੇਸ਼ੀਨਿਗੋਈ ਕੀਤੀ ਗਈ ਸੀ।

## ਗਾਰਬੇਜ ਬੈਗ ਵਿੱਚੋਂ ਮਿਲੀ ਮਹਿਲਾ ਦੀ ਲਾਸ਼ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪੁਲਿਸ



ਓਨਟਾਰੀਓ, 29 ਮਾਰਚ (ਪੋਸਟ ਬਿਊਰੋ) : ਪੁਲਿਸ ਕਤਲ ਕੀਤੀ ਗਈ ਉਸ ਮਹਿਲਾ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਦੀ ਕੱਟੀ ਵੱਢੀ ਲਾਸ਼ ਸੋਮਵਾਰ ਦੁਪਹਿਰ ਨੂੰ ਲੈਜ਼ਲੀਵਿਲ ਵਿੱਚ ਇੱਕ ਗਾਰਬੇਜ ਬੈਗ ਵਿੱਚੋਂ ਮਿਲੀ ਸੀ।

ਮੰਗਲਵਾਰ ਰਾਤ ਨੂੰ ਦਿੱਤੀ ਗਈ ਅਪਡੇਟ ਵਿੱਚ ਸਾਰਜੈਂਟ ਕ੍ਰਿਸਟੋਫਰ ਰੂਹਲ ਨੇ ਆਖਿਆ ਕਿ ਇਸ ਬਾਲਗ ਮਹਿਲਾ ਦੀ ਲਾਸ਼ ਅੰਸ਼ਕ ਤੌਰ ਉੱਤੇ ਕੱਟੀ ਵੱਢੀ ਮਿਲੀ ਤੇ ਇਸ ਮਾਮਲੇ ਨੂੰ ਕਤਲ ਦੇ ਮਾਮਲੇ ਵਜੋਂ ਵੇਖਿਆ ਜਾ ਰਿਹਾ ਹੈ। ਇੱਕ ਗਾਰਬੇਜ ਬੈਗ ਵਿੱਚ ਈਸਟਰਨ ਐਵਨਿਊ ਦੇ ਦੱਖਣ ਵੱਲ ਸੋਮਵਾਰ ਦੁਪਹਿਰੇ 1:30 ਵਜੇ ਦੇ ਨੇੜੇ ਤੇੜੇ ਇਸ ਮਹਿਲਾ ਦੀ ਲਾਸ਼ ਮਿਲਣ ਤੋਂ ਬਾਅਦ ਪੁਲਿਸ ਨੂੰ ਈਸਟਰਨ ਤੇ ਬਰਕਸ਼ਾਇਰ ਐਵਨਿਊਜ਼ ਵਿਖੇ ਸੱਦਿਆ ਗਿਆ।

ਪੁਲਿਸ ਕਿਸੇ ਅਜਿਹੇ ਸ਼ਖ਼ਸ ਨਾਲ ਗੱਲ ਕਰਨੀ ਚਾਹੁੰਦੀ ਹੈ ਜਿਹੜਾ ਇਸ ਇਲਾਕੇ ਵਿੱਚ ਸਵੇਰੇ 10:00 ਵਜੇ ਤੋਂ ਦੁਪਹਿਰ ਦੇ 1:30 ਵਜੇ ਤੱਕ ਰਿਹਾ ਹੋਵੇ ਤੇ ਜਿਸ ਨੇ ਕਿਸੇ ਵਿਅਕਤੀ ਨੂੰ ਕਾਲੇ ਰੰਗ ਵਾਲੇ ਗਾਰਬੇਜ ਬੈਗਜ਼ ਵਾਲਾ ਸ਼ਾਪਿੰਗ ਕਾਰਟ ਲਿਜਾਂਦਿਆਂ ਵੇਖਿਆ ਹੋਵੇ। ਮ੍ਰਿਤਕਾ ਹਲਕੇ ਰੰਗ ਦੀ ਚਮੜੀ ਵਾਲੀ, 20 ਤੋਂ 40 ਸਾਲ ਦਰਮਿਆਨ ਉਮਰ ਦੀ, ਮੋਢੇ ਤੱਕ ਕੱਟੇ ਹੋਏ ਵਾਲਾ ਵਾਲੀ ਦੱਸੀ ਜਾ ਰਹੀ ਹੈ। ਉਹ ਪੰਜ ਫੁੱਟ ਦੋ ਇੰਚ ਦੀ ਹੋਵੇਗੀ।

ਪੁਲਿਸ ਨੇ ਦੱਸਿਆ ਕਿ ਉਸ ਦੇ ਹੱਥ ਤੇ ਪੈਰਾਂ ਦੇ ਨੰਹੁ ਉੱਤੇ ਵਿਲੱਖਣ ਕਿਸਮ ਦਾ ਡਿਜ਼ਾਈਨ ਸੀ ਤੇ ਉਸ ਨੇ ਲਾਲ ਰੰਗ ਦੀ ਅਰਮਾਨੀ ਐਕਸਚੇਂਜ ਟੀ-ਸ਼ਰਟ ਪਾਈ ਹੋਈ ਸੀ।

## ਜੀਟੀਏ ਵਿੱਚ ਘੱਟ ਸਕਦੀਆਂ ਹਨ ਗੈਸ ਦੀਆਂ ਕੀਮਤਾਂ



ਟੋਰਾਂਟੋ, 29 ਮਾਰਚ (ਪੋਸਟ ਬਿਊਰੋ) : ਜੀਟੀਏ ਡਰਾਈਵਰਾਂ ਨੂੰ ਤੇਲ ਪਵਾਉਣ ਤੋ ਇੱਕ ਦਿਨ ਦਾ ਗੁਰੇਜ਼ ਕਰ ਲੈਣਾ ਚਾਹੀਦਾ ਹੈ ਕਿਉਂਕਿ ਬੁੱਧਵਾਰ ਨੂੰ ਤੇਲ ਦੀਆਂ ਕੀਮਤਾਂ ਵਿੱਚ ਕਮੀ ਆਉਣ ਦੀ ਸੰਭਾਵਨਾ ਹੈ।

ਐਨ-ਪ੍ਰੋ ਦੇ ਚੀਫ ਪੈਟ੍ਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਅਨੁਸਾਰ ਜੀਟੀਏ ਦੇ ਬਹੁਤੇ ਸਟੇਸ਼ਨਾਂ ਉੱਤੇ ਰਾਤ ਸਮੇਂ ਗੈਸ ਦੀਆਂ ਕੀਮਤਾਂ ਨੌਂ ਸੈਂਟ ਤੱਕ ਡਿੱਗ ਸਕਦੀਆਂ ਹਨ। ਸੋਮਵਾਰ ਨੂੰ ਗੈਸ ਦੀਆਂ ਕੀਮਤਾਂ ਵਿੱਚ ਆਈ ਕਟੌਤੀ ਕਾਰਨ ਤੇਲ ਦੀਆਂ ਕੀਮਤਾਂ ਨਾਟਕੀ ਢੰਗ ਨਾਲ ਡਿੱਗੀਆਂ ਹਨ ਤੇ ਮੰਗਲਵਾਰ ਨੂੰ ਇਨ੍ਹਾਂ ਕੀਮਤਾਂ ਵਿੱਚ ਹੋਰ ਕਮੀ ਆਉਣ ਨਾਲ ਇਸ ਹਫਤੇ ਡਰਾਈਵਰਾਂ ਨੂੰ ਹਰ ਰਾਹਤ ਮਿਲ ਸਕੇਗੀ। ...ਬਾਕੀ ਪੰਨਾ 3 'ਤੇ

## ਓਨਟਾਰੀਓ ਵਿੱਚ ਆ ਚੁੱਕੀ ਹੈ ਛੇਵੀਂ ਵੇਵ?



ਓਨਟਾਰੀਓ, 29 ਮਾਰਚ (ਪੋਸਟ ਬਿਊਰੋ) : ਕੋਵਿਡ-19 ਨਾਲ ਲੜਦਿਆਂ ਨੂੰ ਦੋ ਸਾਲ ਤੋਂ ਵੀ ਵੱਧ ਦਾ ਸਮਾਂ ਬੀਤਣ ਤੋਂ ਬਾਅਦ ਓਨਟਾਰੀਓ ਵਿੱਚ ਕੁੱਝ ਮੈਡੀਕਲ ਮਾਹਿਰਾਂ ਦਾ ਮੰਨਣਾ ਹੈ ਕਿ ਪ੍ਰੋਵਿੰਸ ਵਿੱਚ ਛੇਵੀਂ ਵੇਵ ਆ ਚੁੱਕੀ ਹੈ। ਮੰਗਲਵਾਰ ਨੂੰ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਡਾ. ਇਸਾਕ ਬੋਗਚ ਨੇ ਆਖਿਆ ਕਿ ਇੱਕ ਹਫਤੇ ਅਤੇ ਦੋ ਹਫਤੇ ਪਹਿਲਾਂ ਨਾਲੋਂ ਹੁਣ ਕੋਵਿਡ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਅਸੀਂ ਇਸ ਨੂੰ ਵੇਵ ਆਖ ਸਕਦੇ ਹਾਂ। ਅਜੇ ਸਾਨੂੰ ਇਸ ਵੇਵ ਦਾ ਆਕਾਰ ਪਤਾ ਨਹੀਂ ਲੱਗਿਆ ਹੈ। ਪਰ ਵੇਵ ਆ ਚੁੱਕੀ ਹੈ। ਉਨ੍ਹਾਂ ਆਖਿਆ ਕਿ ਸਾਨੂੰ ਆਉਣ ਵਾਲੇ ਕੁੱਝ ਹਫਤਿਆਂ ਤੱਕ ਹਸਪਤਾਲ ਵਿੱਚ ਭਰਤੀ ਹੋਣ ਵਾਲਿਆਂ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ। ਆਉਣ ਵਾਲੇ ਇੱਕ ਦੋ ਹਫਤਿਆਂ ਵਿੱਚ ਕੇਸ ਵੱਧ ਸਕਦੇ ਹਨ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control : •Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL (Government Approved Licensed Technician) 416 938 4598

Locations Woodbridge Mississauga Scarborough
YES! Immigration Yes we can...
Celebrating 16 Years 16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
Raj Narang Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
ਇਮਿਗਰੇਸ਼ਨ ਸੇਵਾਵਾਂ 10-20% Discount
(416)740-6969 (647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

MOTEL FOR SALE ON HWY 7
IN THE MIDDLE OF TORONTO AND OTTAWA
$1,275,000
•Excellent Cash Flow And Low Vacancy Rate •Low Operating Costs •New Security Camera System •Many Recent Upgrades To Rooms •Plan Approved For Additional Unit
RAJ HANDA BROKER OF RECORD DIR: 647-546-5228 OFF: 905-457-4588
SAVE MAX GLOBAL REALTY RAJ@SAVEMAXGLOBALREALTY.COM

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker Dir: 647-928-4990
www.ufsinsurance.com
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਭਗਵੰਤ ਮਾਨ ਵੱਲੋਂ ਐਲਾਨ: ਪੰਜਾਬੀ ਯੂਨੀਵਰਸਿਟੀ ਨੂੰ ਕਰਜ਼ਾ ਮੁਕਤ ਕਰਵਾਂਗੇ

ਪਟਿਆਲਾ, 29 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪੰਜਾਬੀ ਯੂਨੀਵਰਸਿਟੀ ਨੂੰ ਵੱਡੇ ਕਰਜ਼ਾ ਬੋਝ ਤੋਂ ਮੁਕਤ ਕਰਨ ਦੀ ਗਾਰੰਟੀ ਦਾ ਐਲਾਨ ਕਰਦਿਆਂ ਕਿਹਾ ਕਿ ਉਚੇਰੀ ਸਿੱਖਿਆ ਦੇਣ ਵਾਲੀਉੱਤਰੀ ਭਾਰਤਦੀ ਇਸ ਨਾਮਵਰ ਯੂਨੀਵਰਸਿਟੀ ਦੀ ਮਾਣਮੱਤੀ ਅਤੇ ਅਸਲੀ ਸ਼ਾਨ ਬਹਾਲ ਕੀਤੀ ਜਾਵੇਗੀ।



ਏਥੇ ਗੁਰੂ ਤੇਗ ਬਹਾਦਰ ਹਾਲ ਵਿਖੇ ਪੰਜਾਬੀ ਯੂਨੀਵਰਸਿਟੀਅਤੇ ਫਿਲਮ ਅਤੇ ਟੀ ਵੀ ਐਕਟਰਜ਼ ਐਸੋਸੀਏਸ਼ਨ ਵੱਲੋਂ ਕਰਵਾਏ ਤਿੰਨ ਰੋਜ਼ਾ ਪੰਜਾਬੀ ਸਿਨੇਮਾ, ਟੈਲੀਵੀਜ਼ਨ ਅਤੇ ਥੀਏਟਰ ਸ਼ੋਅ ਦੇ ਆਖਰੀ ਦਿਨ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਰਕਾਰ ਵੱਲੋਂ ਕਿਹਾ ਕਿ ਫੰਡਾਂ ਦੀ ਘਾਟ ਕਰਕੇ ਕਿਸੇ ਵਿਦਿਆਰਥੀ ਨੂੰ ਉਚੇਰੀ ਸਿੱਖਿਆ ਤੋਂ ਵਾਂਝਾ ਨਹੀਂ ਰਹਿਣ ਦੇਵਾਂਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੀ ਮੁੱਖਪਹਿਲ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਦੇਣਾ ਹੈ।ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਨੌਜਵਾਨਾਂ ਤੋਂ ਸਮਰਥਨ ਮੰਗਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਨੌਜਵਾਨ ਮਹਾਨ ਗੁਰੂਆਂ, ਪੀਰਾਂਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਵਰਗੇ ਨਾਇਕਾਂ ਤੋਂ ਪ੍ਰੇਰਨਾ ਲੈਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵਿੱਚ ਬਦਲਾਖੋਰੀ ਹੇਠ ਕਿਸੇ ਨੂੰ ਤੰਗ ਨਹੀਂ ਕਰੇਗੀ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਟੀਚਰਾਂ ਦੇ ਪੈਂਡਿੰਗ ਮੁੱਦਿਆਂ ਦਾ ਬਾਰੇ ਕਿਹਾ ਕਿ ਇਨ੍ਹਾਂ ਨੂੰ ਜਲਦੀ ਹੱਲ ਕੀਤਾ ਜਾਵੇਗਾ ਅਤੇ ਕਿਸੇ ਟੀਚਰ ਨੂੰ ਮੰਗਾਂ ਮੰਨਵਾਉਣ ਲਈ ਪਾਣੀ ਦੀਆਂ ਟੈਂਕੀਆਂ ਉੱਤੇ ਨਹੀਂ ਚੜ੍ਹਨਾ ਪਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਵਾਂਗ ਪੰਜਾਬ ਦੇ ਸਕੂਲ ਅਤੇ ਕਾਲਜ ਟੀਚਰਾਂ ਤੋਂ ਸਿੱਖਿਆ ਬਿਨਾਂ ਕੰਮ ਨਹੀਂ ਲਿਆ ਜਾਵੇਗਾ।ਵਿਦੇਸ਼ਾਂ ਨੂੰ ਜਾਂਦੀ ਜਵਾਨੀਬਾਰੇ ਡੂੰਘੀ ਚਿੰਤਾ ਦਾ ਪ੍ਰਗਟ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਨੌਜਵਾਨਾਂ ਨੂੰ ਯੋਗਤਾ ਦਿਖਾਉਣ ਦੇ ਮੌਕੇ ਪੰਜਾਬ ਵਿੱਚਦੇਵਾਂਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂਨੂੰ ਵਿਸ਼ਵ ਪੱਧਰੀ ਸਿੱਖਿਆ ਦੇ ਕੇ ਪੰਜਾਬ ਵਿੱਚ ਰੋਜ਼ਗਾਰ ਦੇ ਵਧੀਆ ਮੌਕੇ ਦਿੱਤੇ ਜਾਣਗੇ ਤਾਂ ਜੋ ਉਨ੍ਹਾਂ ਨੂੰ ਭਲੇ ਭਵਿੱਖ ਲਈ ਵਿਦੇਸ਼ ਜਾਣ ਦੀ ਕੋਈ ਲੋੜ ਹੀ ਨਾ ਪਵੇ।

ਇਸ ਤੋਂ ਪਹਿਲਾਂ ਭਗਵੰਤ ਮਾਨ ਨੇ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਤਾਜ਼ਾ ਕਰਦਿਆਂ ਕਿਹਾ ਕਿ ਜਦੋਂ ਉਹ ਕਾਲਜ ਪੜ੍ਹਦਿਆਂ ਪੰਜਾਬੀ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਵਿੱਚਸ਼ਾਮਲ ਹੋਣ ਆਉਂਦੇ ਸਨ ਤਾਂਓਦੋਂ ਉਨ੍ਹਾਂ ਨੇ ਹਾਰਾਂ-ਜਿੱਤਾਂ ਦੇ ਕਈ ਉਤਰਾਅ ਚੜ੍ਹਾਅ ਵੇਖੇ ਸਨ।ਮੁੱਖ ਮੰਤਰੀ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਕਿ ਬੱਚਿਆਂ ਉੱਤੇ ਆਪਣੀਆਂ ਇੱਛਾਵਾਂ ਨਾ ਥੋਪਣ, ਉਨ੍ਹਾਂ ਦਾ ਹੁਨਰ ਪਛਾਣ ਕੇ ਉਨ੍ਹਾਂ ਨੂੰ ਅੱਗੇ ਵਧਣ ਦੀ ਖੁੱਲ੍ਹ ਦੇਣ।

ਪੰਜਾਬ ਦੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਸ ਮੌਕੇ ਭਰੋਸਾ ਦਿੱਤਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਅੱਗੇ ਲਿਆਉਣ ਲਈ ਪੰਜਾਬ ਸਰਕਾਰ 100 ਫ਼ੀਸਦੀ ਮਦਦ ਦੇਵੇਗੀ। ਉਨ੍ਹਾ ਕਿਹਾ ਕਿ ਭਗਵੰਤ ਮਾਨ ਵੱਲੋਂਮੁੱਖ ਮੰਤਰੀ ਬਣਨ ਤੋਂ ਕੁਝ ਦਿਨਾਂ ਵਿੱਚ ਹੀ ਇਥੇ ਆਉਣ ਦਾ ਫ਼ੈਸਲਾ ਕਰਨਾ ਉਨ੍ਹਾਂ ਦੀ ਪੰਜਾਬੀ ਯੂਨੀਵਰਸਿਟੀਵੱਲ ਫ਼ਿਕਰਮੰਦੀ ਪੇਸ਼ ਕਰਦਾ ਹੈ। ਇਸ ਮੌਕੇਮੁੱਖ ਮੰਤਰੀ ਨੇ ਪੰਜਾਬੀ ਫ਼ਿਲਮ ਐਂਡ ਟੀ ਵੀ ਐਕਟਰਜ਼ ਐਸੋਸੀਏਸ਼ਨ ਅਤੇ ਪੰਜਾਬੀ ਯੂਨੀਵਰਸਿਟੀਵੱਲੋਂ ਕਰਵਾਏ ਤਿੰਨ ਰੋਜ਼ਾ ਪੰਜਾਬੀ ਸਿਨੇਮਾ, ਟੈਲੀਵਿਜ਼ਨ ਅਤੇ ਰੰਗ-ਮੰਚ ਮਹਾਉਤਸਵ ਦੇ ਸਮਾਪਤੀ ਮੌਕੇ ਫ਼ਿਲਮਕਾਰ ਮਨਮੋਹਨ ਸਿੰਘ, ਪੰਜਾਬੀ ਅਦਾਕਾਰ ਯੋਗਰਾਜ ਸਿੰਘ, ਗੁੱਗੂ ਗਿੱਲ, ਵਿਜੇ ਟੰਡਨ, ਗਾਇਕ ਮੁਹੰਮਦ ਸਦੀਕ ਤੇ ਸੁਰਿੰਦਰ ਛਿੰਦਾ ਤੇ ਫ਼ਿਲਮ ਨਿਰਦੇਸ਼ਕ ਸੁਮੀਤ ਕੰਗ ਦਾ ਸਨਮਾਨ ਕੀਤਾ।

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਵਾਗਤ ਕਰਦੇ ਵਕਤ ਯੂਨੀਵਰਸਿਟੀ ਦੀ ਰਿਪੋਰਟ ਵੀ ਪੇਸ਼ ਕੀਤੀ। ਪਟਿਆਲਾ ਜ਼ਿਲ੍ਹੇ ਦੇ ਵਿਧਾਇਕ ਗੁਰਲਾਲ ਘਨੌਰ, ਅਜੀਤਪਾਲ ਸਿੰਘ ਕੋਹਲੀ, ਡਾ. ਬਲਬੀਰ ਸਿੰਘ, ਨੀਨਾ ਮਿੱਤਲ, ਚੇਤੰਨ ਸਿੰਘ ਜੌੜੇਮਾਜਰਾ, ਹਰਮੀਤ ਸਿੰਘ ਪਠਾਣਮਾਜਰਾ, ਕੁਲਵੰਤ ਸਿੰਘ ਬਾਜ਼ੀਗਰ, ਪੰਜਾਬੀ ਫ਼ਿਲਮ ਐਂਡ ਟੀ ਵੀ ਐਕਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਗੁਰਪ੍ਰੀਤ ਘੁੱਗੀ, ਮੀਤ ਪ੍ਰਧਾਨ ਬੀਨੂ ਢਿੱਲੋਂ ਅਤੇ ਹੋਰ ਬਹੁਤ ਸਾਰੇ ਪੰਜਾਬੀ ਫ਼ਿਲਮਾਂਅਤੇ ਟੀ ਵੀ ਦੇ ਕਲਾਕਾਰ ਵੀ ਮੌਜੂਦ ਸਨ।

# ਸਰਕਾਰੀ ਪੀਪੀਈ ਕਿੱਟਾਂ ਵੇਚਣ ਵਾਲਿਆਂ ਨੂੰ ਲੱਗੇਗਾ ਜ਼ੁਰਮਾਨਾ !

ਓਨਟਾਰੀਓ, 29 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਉਨ੍ਹਾਂ ਵਿਅਕਤੀਆਂ ਉੱਤੇ ਸਖ਼ਤ ਜ਼ੁਰਮਾਨੇ ਲਾਉਣ ਲਈ ਨਵੇਂ ਨਿਯਮ ਲਿਆਉਣ ਦਾ ਫੈਸਲਾ ਕੀਤਾ ਗਿਆ ਹੈ ਜਿਹੜੇ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਮੁਫਤ ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ (ਪੀਪੀਈ) ਨੂੰ ਮੁੜ ਵੇਚਦੇ ਫੜ੍ਹੇ ਜਾਂਦੇ ਹਨ।



ਇਨ੍ਹਾਂ ਨਵੇਂ ਨਿਯਮਾਂ ਤਹਿਤ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਪੀਪੀਈ ਕਿੱਟਸ ਨੂੰ ਮੁੜ ਵੇਚਣਾ ਜਾਂ ਵੇਚਣ ਦੀ ਪੇਸ਼ਕਸ਼ ਕਰਨਾ ਗੈਰਕਾਨੂੰਨੀ ਹੋਵੇਗਾ। ਇਨ੍ਹਾਂ ਵਿੱਚ ਰੈਪਿਡ ਐਂਟੀਜਨ ਟੈਸਟਸ, ਮਾਸਕਸ, ਗਲੱਵਸ ਤੇ ਹੈਂਡ ਸੈਨੇਟਾਈਜ਼ਰ ਆਦਿ ਵੀ ਸ਼ਾਮਲ ਹਨ। ਇਸ ਤਰ੍ਹਾਂ ਦਾ ਗੈਰਕਾਨੂੰਨੀ ਕੰਮ ਕਰਨ ਵਾਲੇ ਨੂੰ 20,000 ਡਾਲਰ ਤੱਕ ਦਾ ਜੁਰਮਾਨ ਜਾਂ ਕਾਰਪੋਰੇਸ਼ਨ ਨੂੰ 250,000 ਡਾਲਰ ਜੁਰਮਾਨਾ ਹੋ ਸਕਦਾ ਹੈ।

ਕੰਜ਼ਿਊਮਰ ਸਰਵਿਸਿਜ਼ ਮੰਤਰੀ ਰੌਸ ਰੋਮਾਨੋ ਵੱਲੋਂ ਇਹ ਐਲਾਨ ਅੱਜ ਦੁਪਹਿਰ ਕੀਤੇ ਜਾਣ ਦੀ ਸੰਭਾਵਨਾ ਹੈ। ਪਿਛਲੇ ਸਾਲ ਓਮਾਈਕ੍ਰੌਨ ਦੇ ਮਾਮਲਿਆਂ ਵਿੱਚ ਹੋਏ ਵਾਧੇ ਤੋਂ ਬਾਅਦ ਹੀ ਅਚਾਨਕ ਕੋਵਿਡ-19 ਰੈਪਿਡ ਐਂਟੀਜਨ ਟੈਸਟਸ ਦੀ ਮੰਗ ਵਧਣ ਕਾਰਨ ਦਸੰਬਰ ਵਿੱਚ ਸਰਕਾਰ ਨੇ ਇਸ ਸਮਾਨ ਨੂੰ ਮੁੜ ਵੇਚਣ ਵਾਲਿਆਂ ਖਿਲਾਫ ਕਾਰਵਾਈ ਸਖ਼ਤ ਕੀਤੀ ਸੀ। ਸਰਕਾਰ ਨੂੰ ਇਸ ਤਰ੍ਹਾਂ ਦੇ ਸਮਾਨ ਦੇ ਇੰਟਰਨੈੱਟ ਉੱਤੇ ਮਹਿੰਗੇ ਮੁੱਲ ਮਿਲਦੇ ਹੋਣ ਦਾ ਵੀ ਪਤਾ ਲੱਗਿਆ ਸੀ।

# ਜੀਟੀਏ ਵਿੱਚ ਘੱਟ ਸਕਦੀਆਂ ਹਨ ਗੈਸ ਦੀਆਂ ਕੀਮਤਾਂ

ਪੰਨਾ 1 ਦਾ ਬਾਕੀ

ਸੋਮਵਾਰ ਨੂੰ ਕੱਚੇ ਤੇਲ ਦੀਆਂ ਕੀਮਤਾਂ ਸੱਤ ਫੀ ਸਦੀ ਤੇ ਮੰਗਲਵਾਰ ਸਵੇਰੇ ਪੰਜ ਫੀ ਸਦੀ ਹੋਰ ਹੇਠਾਂ ਡਿੱਗੀਆਂ। ਤੇਲ ਦੀਆਂ ਕੀਮਤਾਂ ਪਿਛਲੇ ਹਫਤੇ 115 ਡਾਲਰ ਪ੍ਰਤੀ ਬੈਰਲ ਤੱਕ ਉਛਲਣ ਤੋਂ ਬਾਅਦ 106 ਡਾਲਰ ਪ੍ਰਤੀ ਬੈਰਲ ਤੱਕ ਡਿੱਗ ਗਈਆਂ ਹਨ। ਤੇਲ ਦੀਆਂ ਕੀਮਤਾਂ ਵਿੱਚ ਆਈ ਇਸ ਗਿਰਾਵਟ ਦੇ ਬਾਵਜੂਦ ਇਸ ਸਾਲ ਤੇਲ ਦੀ ਕੀਮਤ 40 ਫੀ ਸਦੀ ਵੱਧ ਰਹੀ।

ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਚੀਨ ਵਿੱਚ ਮਹਾਂਮਾਰੀ ਦੇ ਮੁੱਦੇ ਨਾਲ ਤੇ ਰੂਸ ਤੇ ਯੂਕਰੇਨ ਦਰਮਿਆਨ ਸ਼ਾਂਤੀ ਵਾਰਤਾ ਵਿੱਚ ਹੋਏ ਸਕਾਰ-ਾਤਮਕ ਵਾਧੇ ਕਾਰਨ ਆਈ ਹੈ।

# ਸੁਪਰੀਮ ਕੋਰਟ ਵਿੱਚ ਡਰੱਗ ਕੇਸ: ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੇ 87 ਫੀਸਦੀ ਦੋਸ਼ੀ ਭਗੌੜੇ, ਸੁਪਰੀਮ ਕੋਰਟ ਵੱਲੋਂ ਸਖਤੀ ਦੇ ਹੁਕਮ

ਨਵੀਂ ਦਿੱਲੀ, 29 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚ ਨਸ਼ੇ ਦੇ ਧੰਦੇਨੂੰ ਰੋਕ ਲਾਉਣਾ ਸਿਰਫ਼ ਕਾਨੂੰਨ-ਵਿਵਸਥਾ ਦਾ ਮੁੱਦਾ ਨਹੀਂ, ਸਗੋਂ ਸਿਆਸੀ ਮੁੱਦਾ ਵੀ ਹੈ।ਇਸ ਨਾਲ ਸਬੰਧਤ ਨਾਰਕੋਟਿਕਸ ਡਰੱਗਜ਼ ਸਾਇਕੋਟ੍ਰੋਪਿਕ ਸਬਸਟੈਂਸ (ਐੱਨ ਡੀ ਪੀ ਐੱਸ) ਐਕਟ ਬੇਸ਼ੱਕ ਗੈਰ-ਜ਼ਮਾਨਤੀ ਸਖਤ ਕਾਨੂੰਨ ਹੈ, ਪਰ ਸੱਚਾਈ ਇਹ ਹੈ ਕਿ ਪੰਜਾਬ ਵਿੱਚ ਇਸ ਕਾਨੂੰਨਦੇ ਅਧੀਨ ਜਿਹੜੇ ਲੋਕਦੋਸ਼ੀ ਦੱਸੇ ਗਏ, ਉਨ੍ਹਾਂ ਵਿੱਚੋਂ ਬਹੁਤੇ ਲੋਕ ਫਰਾਰ ਹਨ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਨੇ ਸੁਪਰੀਮ ਕੋਰਟਨੂੰ ਪੇਸ਼ ਕੀਤੀ ਤਾਜ਼ਾ ਸਟੇਟਸ ਰਿਪੋਰਟ ਵਿੱਚ ਮੰਨਿਆ ਹੈ ਕਿ ਐੱਨ ਡੀ ਪੀ ਐੱਸ ਐਕਟ ਹੇਠਦੋਸ਼ੀ ਸਿਰਫ਼ 13 ਫੀਸਦੀ ਦੋਸ਼ੀ ਗ੍ਰਿਫ਼ਤਾਰ ਹੋਏ ਸਨ ਅਤੇ ਉਨ੍ਹਾਂ ਵਿੱਚੋਂ ਵੀ 87 ਫੀਸਦੀ ਦੋਸ਼ੀਇਸ ਵਕਤ ਭਗੌੜੇ ਹਨ। ਇਸ ਉੱਤੇ ਚਿੰਤਾ ਪ੍ਰਗਟ ਕਰਦੇ ਹੋਏਕੋਰਟ ਨੇ ਕਿਹਾ ਕਿ ਮਾਮਲਾਬੜਾ ਗੰਭੀਰ ਹੈ ਅਤੇ ਅਦਾਲਤ ਨੂੰ ਆਸ ਹੈ ਕਿ ਭਗੌੜਿਆਂ ਨੂੰ ਫੜਨਵਾਸਤੇ ਠੋਸ ਕਾਰਵਾਈ ਹੋਵੇਗੀ। ਸੁਪਰੀਮ ਕੋਰਟ ਇਸ ਕੇਸ ਦਾ ਖੁਦ ਨੋਟਿਸ ਲੈ ਕੇ ਸੁਣਵਾਈ ਕਰ ਰਹੀ ਹੈ। ਇਸ ਕੇਸ ਬਾਰੇ ਜਸਟਿਸ ਏਐੱਮ ਖਾਨਵਿਲਕਰ ਅਤੇ ਜਸਟਿਸ ਅਭੇ ਐੱਸ ਓਕਾ ਦੇ ਬੈਂਚ ਨੇ ਪਿਛਲੇ ਸੋਮਵਾਰ ਸੁਣਵਾਈ ਕੀਤੀ ਤਾਂ ਪੰਜਾਬ ਸਰਕਾਰ ਵੱਲੋਂ 24 ਮਾਰਚ ਨੂੰ ਪੇਸ਼ ਕੀਤੀ ਸਟੇਟਸ ਰਿਪੋਰਟ ਦੇਖ ਕੇ ਕਿਹਾ ਕਿ ਐੱਨ ਡੀ ਪੀ ਐੱਸ ਐਕਟ ਵਿੱਚ ਦਰਜ ਕੁੱਲਕੇਸਾਂ ਵਿੱਚ ਸਿਰਫ਼ 13 ਫੀਸਦੀ ਦੋਸ਼ੀ ਗ੍ਰਿਫ਼ਤਾਰ ਹੋਏ ਹਨ, ਬਾਕੀ ਭਗੌੜੇ ਹਨ।ਅਦਾਲਤ ਨੇ ਫੌਰੀ ਕਦਮਚੁੱਕਣ ਦੀ ਲੋੜ ਦੱਸਦਿਆਂ ਕਿਹਾ ਕਿ 225 ਤੋਂ ਵੱਧ ਦੋਸ਼ੀ ਲੰਬੇ ਸਮੇਂ ਤੋਂ ਭਗੌੜੇ ਐਲਾਨੇ ਹੋਏ ਹਨ ਤਾਂਫੜਨੇ ਚਾਹੀਦੇ ਹਨ। ਇਸ ਕੇਸ ਦੀ ਸੁਣਵਾਈ 29 ਅਪ੍ਰੈਲ ਨੂੰ ਹੋਵੇਗੀ।

IMMIGRATION SERVICES INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
WE SPECIALIZE IN HUMANITARIAN AND COMPASSIONATE APPLICATIONS
DRAKE IMMIGRATION SOLUTIONS
AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750
www.drakeimmigration.ca
Toronto Office: 98 Gallucci Cres Brampton, ON L6P 1R7
Winnipeg Office: Centro Caboto Centre 128-1055 Wilkes Ave, Winnipeg, MB R3P 2L7

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ >>

ਬਾਰਾਂ ਦਿਨਾਂ ਦੀ ਹਾਲੇ ਸਰਕਾਰ ਬੇਸ਼ੱਕ,
ਹਮਲਾ ਲੱਗੇ ਵਿਰੋਧੀ ਹਨ ਕਰਨ ਬੇਲੀ।
ਜਿੱਥੇ ਕਿਧਰੇ ਕੁਝ ਮਾੜੀ ਹੈ ਗੱਲ ਹੁੰਦੀ,
ਸਿੱਧਾ ਦੋਸ਼ ਸਰਕਾਰ ਵੱਲ ਧਰਨ ਬੇਲੀ।
ਕਹਿੰਦੇ ਲੋਕਾਂ ਦੇ ਕੰਮ ਨਹੀਂ ਖਾਸ ਹੁੰਦੇ,
ਹੋਵੇ ਲੋਕਾਂ ਤੋਂ ਜ਼ਰਾ ਨਹੀਂ ਜਰਨ ਬੇਲੀ।
ਮਜ਼ੇ ਵਿੱਚ ਤਾਂ ਬੈਠੇ ਉਹ ਬਾਹਰ ਆਗੂ,
ਛਕ ਕੇ ਮਾਲ ਜੋ ਹੋਏ ਆ ਹਰਨ ਬੇਲੀ।
ਜੇ ਕੁਝ ਬਣੀ ਸਰਕਾਰ ਦੀ ਪਕੜ ਬੇਲੀ,
ਦੇਣਾ ਈ ਧੋਣਾ ਸਰਕਾਰ ਫਿਰ ਧੋ ਬੇਲੀ।
ਅਜੋਕੇ ਵਕਤ ਤੇ ਔਖ ਸਰਕਾਰ ਵਾਲੀ,
ਆਲਮ-ਫਾਜ਼ਲ ਨਾ ਸਕਣ ਲੁਕੋ ਬੇਲੀ।

**ਤੀਸ ਮਾਰ ਖਾਂ**

# ਨਵੀਂ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਤੇ ਸ਼ਗਨ ਸਕੀਮ ਦੇ 214.16 ਕਰੋੜ ਰੁਪਏ ਜਾਰੀ



ਚੰਡੀਗੜ੍ਹ, 29 ਮਾਰਚ, (ਪੋਸਟ ਬਿਊਰੋ)-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂਦਿੱਤੇ ਭਰੋਸੇ ਉੱਤੇਅਮਲ ਕਰਦੇ ਹੋਏ ਪੰਜਾਬ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪੋਸਟ ਮੈਟ੍ਰਿਕ ਸਕਾਲਰਸ਼ਿਪ ਤੇ ਸ਼ਗਨ ਸਕੀਮ ਹੇਠ 214.16 ਕਰੋੜ ਰੁਪਏ ਜਾਰੀ ਕਰਵਾ ਦਿੱਤੇ ਹਨ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਇਸ ਸੰਬੰਧ ਵਿੱਚ ਕਿਹਾ ਕਿ ਵਿਭਾਗ ਦਾ ਚਾਰਜ ਸੰਭਾਲਣ ਪਿੱਛੋਂ ਉਨ੍ਹਾਂ ਨੇ ਬਕਾਏ ਨਿਪਟਾਉਣ ਦੇ ਵਾਅਦੇ ਮੁਤਾਬਕ ਪੋਸਟ-ਮੈਟ੍ਰਿਕ ਸਕਾਲਰਸ਼ਿਪ ਹੇਠ ਮਾਰਚ 2022 ਤਕ ਬਕਾਏ ਸਾਫ ਕਰ ਕੇ 184 ਕਰੋੜ ਰੁਪਏ ਜਾਰੀ ਕਰ ਦਿੱਤੇ ਅਤੇ ਸ਼ਗਨ ਸਕੀਮ ਦੇ ਦਸੰਬਰ 2021 ਤੱਕ ਬਣਦੇ 30.16 ਕਰੋੜ ਰੁਪਏ ਵੀ ਜਾਰੀ ਕਰ ਦਿੱਤੇ ਹਨ।ਉਨ੍ਹਾ ਦੱਸਿਆ ਕਿ ਭਗਵੰਤ ਮਾਨ ਸਰਕਾਰ ਹਰ ਜ਼ਿਲ੍ਹੇ ਵਿੱਚ ਅੰਬੇਡਕਰ ਭਵਨ ਬਣਾਵੇਗੀ। ਉਨ੍ਹਾਂ ਨੇ ਅਫਸਰਾਂ ਨੂੰ ਹਦਾਇਤ ਕੀਤੀ ਕਿ ਭਵਨਾਂ ਦੀ ਉਸਾਰੀ ਲਈ ਉਹ ਹੋਰ ਸਰਕਾਰੀ ਅਦਾਰਿਆਂ ਦੀ ਮਦਦ ਲੈਣ।ਇਸ ਤੋਂ ਪਹਿਲਾਂ ਬਣਾਏ ਅੰਬੇਡਕਰ ਭਵਨਾਂ ਬਾਰੇ ਡਾ. ਬਲਜੀਤ ਕੌਰ ਨੇ ਕਿਹਾ ਕਿ ਕੁਝ ਪੁਰਾਣੀਆਂ ਇਮਾਰਤਾਂ ਦੀ ਫੌਰੀ ਸੰਭਾਲ ਦੀ ਲੋੜ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਇਨ੍ਹਾਂ ਭਵਨਾਂ ਦੀ ਉਸਾਰੀ ਤੇ ਸੰਭਾਲ ਲਈ ਵਚਨਬੱਧ ਹੈ।

ਕੇਂਦਰ ਸਰਕਾਰ ਤੋਂ ਮਿਲਦੇ ਫੰਡ ਵਾਲੀਆਂ ਸਕੀਮਾਂ ਬਾਰੇ ਡਾ. ਬਲਜੀਤ ਕੌਰ ਨੇ ਕਿਹਾ ਕਿ ਉਹ ਫੰਡ ਛੇਤੀ ਜਾਰੀ ਕਰਨ ਲਈ ਉਹ ਕੇਂਦਰ ਦੇ ਸਬੰਧਤ ਵਿਭਾਗਾਂ ਕੋਲ ਮੁੱਦਾ ਉਠਾਉਣਗੇ ਤਾਂ ਜੋ ਕਮਜ਼ੋਰ ਵਰਗਾਂ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਡਾ. ਬਲਜੀਤ ਕੌਰ ਨੇ ਕਿਹਾ ਕਿ ਬੈਂਕਫਿੰਕੋ ਦੀਆਂ ਵੱਖ-ਵੱਖ ਕਰਜ਼ਾ ਸਕੀਮਾਂ ਦਾ ਲਾਭ ਲੋਕਾਂ ਤੱਕ ਸਿੱਧਾ ਪਹੁੰਚਣ ਨੂੰ ਯਕੀਨੀ ਬਣਾਇਆ ਜਾਵੇ।

# ਬ੍ਰਿਟਿਸ਼ ਪਾਰਲੀਮੈਂਟ ਵਿੱਚ ਸਕਾਟਿਸ਼ ਐੱਮਪੀ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਦਾ ਮੁੱਦਾ ਚੁੱਕਿਆ

## * ਆਪਣੀ ਸਰਕਾਰ ਨੂੰ ਇਸ ਮੁੱਦੇ ਉੱਤੇ ਮੁਆਫੀ ਮੰਗਣ ਨੂੰ ਕਿਹਾ



ਗਲਾਸਗੋ, 29 ਮਾਰਚ, (ਪੋਸਟ ਬਿਊਰੋ)-ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਕਾਮਨਵੈਲਥ ਦੇ ਨਾਲ ਜੁੜੇ ਮੁੱਦੇ ਦੀ ਬਹਿਸ ਮੌਕੇ ਸਕਾਟਲੈਂਡ ਦੇ ਕੋਟਬਰਿਜ, ਕਰਿਸਟਨ ਅਤੇ ਬੈੱਲ ਹਲਕੇ ਤੋਂ ਸ਼ਕ-ਾਟਿਸ਼ ਨੈਸ਼ਨਲ ਪਾਰਟੀ ਦੇ ਪਾਰਲੀਮੈਂਟ ਮੈਂਬਰ ਸਟੀਵਨ ਬੋਨਰ ਨੇ ਕਿਹਾ ਕਿ ਬ੍ਰਿਟਿਸ਼ ਸਾਮਰਾਜ ਵੇਲੇ ਬਸਤੀਵਾਦ ਦੇ ਪਰਦੇ ਪਿੱਛੇ ਗੈਰ ਬ੍ਰਿਟਿਸ਼ ਲੋਕਾਂ ਨਾਲ ਜਿੱਥੇ ਦੁਰ-ਵਿਹਾਰ ਕੀਤਾ ਜਾਂਦਾ ਰਿਹਾ ਹੈ, ਉੱਥੇ ਹਰ ਤਰ੍ਹਾਂ ਦੇ ਜ਼ੁਲਮ ਦੀਆਂ ਹੱਦਾਂ ਪਾਰ ਹੁੰਦੀਆਂ ਰਹੀਆਂ। ਉਨ੍ਹਾਂ ਵਿਸ਼ੇਸ਼ ਤੌਰ ਉੱਤੇ ਅੰਮ੍ਰਿਤਸਰ ਵਿਖੇ ਸਾਲ 1919 ਵਿੱਚ ਹੋਏ ਜਲ੍ਹਿਆਂਵਾਲਾ ਬਾਗ ਦੇ ਸਮੂਹਿਕ ਕਤਲੇਆਮ ਦੌਰਾਨ ਨਿਹੱਥੇ ਲੋਕਾਂ ਨੂੰ ਮਾਰੇ ਜਾਣ ਬਾਰੇਬ੍ਰਿਟਿਸ਼ ਪਾਰਲੀਮੈਂਟ ਵੱਲੋਂ ਰਸਮੀ ਮੁਆਫ਼ੀ ਮੰਗੇ ਜਾਣ ਦੀ ਅਪੀਲ ਕੀਤੀ। ਪਾਰਲੀਮੈਂਟ ਮੈਂਬਰ ਸਟੀਵਨ ਬੋਨਰ ਨੇ ਕਿਹਾ ਕਿ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਦੇ ਨਿਹੱਥੇ ਮਰਦਾਂ, ਔਰਤਾਂ ਤੇ ਬੱਚਿਆਂ ਨੂੰ ਗੋਲੀਆਂ ਨਾਲ ਭੁੰਨ ਦੇਣਾ ਬੇਹੱਦ ਜ਼ਾਲਮ ਕਾਰਵਾਈ ਸੀਅਤੇ ਇੱਕ ਸਦੀ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਬ੍ਰਿਟਿਸ਼ ਸਰਕਾਰ ਤੋਂ ਇਸ ਅਣਮਨੁੱਖੀ ਵਿਹਾਰ ਦੇ ਖਿਲਾਫ ਹਮਦਰਦੀ ਦੇ ਬੋਲ ਨਹੀਂ ਨਿਕਲੇ। ਉਨ੍ਹਾਂ ਬ੍ਰਿਟਿਸ਼ ਸਰਕਾਰ ਨੂੰ ਅਪੀਲ ਕੀਤੀ ਕਿ ਸਾਮਰਾਜ ਦੌਰਾਨ ਬੇਕਸੂਰ ਲੋਕਾਂ ਉੱਤੇਕੀਤੇ ਜ਼ੁਲਮਾਂ ਦੇ ਪਛਤਾਵੇ ਵਜੋਂ ਰਸਮੀ ਮੁਆਫ਼ੀ ਮੰਗ ਕੇ ਸੰਸਾਰ ਭਰ ਦੇ ਲੋਕਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਸਬੂਤ ਦਿੱਤਾ ਜਾਵੇ। ਇਸ ਮੁੱਦੇ ਨੂੰ ਐੱਮ ਪੀ ਸਟੀਵਨ ਬੋਨਰ ਵੱਲੋਂਉਭਾਰਿਆ ਜਾਣਾ ਬ੍ਰਿਟੇਨ ਵਿੱਚ ਪੰਜਾਬੀਆਂ ਲਈ ਬਹੁਤ ਮਹੱਤਵ ਪੂਰਨ ਹੈ।ਵਰਨਣ ਯੋਗ ਹੈ ਕਿ ਬ੍ਰਿਟਿਸ਼ ਰਾਜਵੇਲੇ ਪੰਜਾਬੀ ਬੋਲਦੇ ਲੋਕਾਂ ਉੱਤੇਕੀਤੇ ਜ਼ੁਲਮਾਂ ਦੀ ਮੁਆਫ਼ੀ ਮੰਗਣ ਲਈ ਵੱਖ-ਵੱਖ ਧਿਰਾਂ ਨੇਮੁਹਿੰਮਾਂ ਚਲਾ ਰੱਖੀਆਂ ਹਨ। ਇਸੇ ਬਾਰੇ ਪੰਜਾਬੀ ਭਾਸ਼ਾ ਚੇਤਨਾ ਬੋਰਡ ਯੂ ਕੇ ਵੱਲੋਂ ਵੀਦਸਤਖਤੀ ਮੁਹਿੰਮ ਵਿੱਢੀ ਗਈ ਹੈ, ਜਿਸਰਾਹੀਂ ਆਪਣੇ ਇਲਾਕੇ ਦੇ ਮੈਂਬਰ ਪਾਰਲੀਮੈਂਟ ਨੂੰ ਈਮੇਲ ਕਰਨਦੀ ਅਪੀਲ ਕੀਤੀ ਗਈ ਹੈ। ਈਮੇਲ ਵਿੱਚ ਮੈਂਬਰ ਪਾਰਲੀਮੈਂਟਸ ਨੂੰ ਬੇਨਤੀ ਕੀਤੀ ਗਈ ਹੈ ਕਿ ਪਾਰਲੀਮੈਂਟ ਵਿੱਚ ਮੁਆਫ਼ੀ ਦੀ ਮੰਗ ਨੂੰ ਲੋਕਾਂ ਦੀ ਆਵਾਜ਼ ਬਣ ਕੇ ਚੁੱਕੇ। ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭਕਨਾ ਨੇ ਕਿਹਾ ਕਿ ਸਕਾਟਲੈਂਡ ਤੋਂ ਐੱਮ ਪੀ ਸਟੀਵਨ ਬੋਨਰ ਵੱਲੋਂ ਚੁੱਕੀ ਆਵਾਜ਼ ਪੰਜਾਬੀਆਂ ਦੀ ਆਵਾਜ਼ ਹੈ।

# ਮਾਈਨਿੰਗ ਕਰਨ ਵਾਲਿਆਂ ਤੋਂ ਜ਼ਬਰੀ ਵਸੂਲੀ ਕਰਦੇ 14 ਜਣੇ ਕਾਬੂ, ਕਰੋੜਾਂ ਰੁਪਏ ਬਰਾਮਦ



ਹੁਸ਼ਿਆਰਪੁਰ, 29 ਮਾਰਚ, (ਪੋਸਟ ਬਿਊਰੋ)- ਐੱਸ ਐੱਸ ਪੀ ਹੁਸ਼ਿਆਰਪੁਰ ਧਰੁਮਨ ਐੱਚ. ਨਿੰਬਲੇ ਨੇ ਦੱਸਿਆ ਹੈ ਕਿ ਇਸ ਜ਼ਿਲੇ ਵਿੱਚ ਨਾਜਾਇਜ਼ ਮਾਈਨਿੰਗ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਖ਼ਤੀ ਦਾ ਕੁਝ ਮਾੜੇ ਅਨਸਰ ਲਾਭ ਵੀ ਉਠਾ ਰਹੇ ਸਨ ਅਤੇ ਰੇਤਾ ਜਾਂ ਬੱਜਰੀ ਦੀ ਢੋਆ-ਢੋਆਈ ਕਰਦੇ ਟਿੱਪਰਾਂ ਅਤੇ ਟਰੱਕ ਡਰਾਈਵਰਾਂ ਨੂੰ ਰੋਕ ਕੇ ਉਨ੍ਹਾਂ ਤੋਂ ਜਬਰਨ ਪੈਸੇ ਦੀ ਵਸੂਲ ਰਹੇ ਸਨ।ਦੋਸ਼ੀਆਂ ਵਿੱਚ ਸੁਰਿੰਦਰ ਸਿੰਘ ਪੁੱਤਰ ਰਵੀ ਸਿੰਘ ਵਾਸੀ ਹਿਰਨਾਖੇੜੀ ਥਾਣਾ ਚਾਂਦਪੁਰ, ਯੂ ਪੀ, ਰਾਜੀਵ ਕੁਮਾਰ ਪੁੱਤਰ ਮਲਕੀਤ ਸਿੰਘ ਵਾਸੀ ਕਕੋਵਾਲ ਥਾਣਾ ਗੜ੍ਹਸ਼ੰਕਰ, ਹੁਸ਼ਿਆਰਪੁਰ, ਗੌਰਵ ਤੋਮਰ ਪੁੱਤਰ ਉਪਿੰਦਰ ਤੋਮਰ ਵਾਸੀ ਅਲੀਪੁਰ, ਯੂ ਪੀ, ਜਗਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਕੰਡੀਲਾ ਥਾਣਾ ਘੁਮਾਣ, ਗੁਰਦਾਸਪੁਰ, ਜੋ ਪ੍ਰਾਈਵੇਟ ਮਾਈਨਿੰਗ ਕੰਪਨੀਦੇ ਕਾਮੇ ਹਨ, ਸ਼ਾਮਲ ਸਨ। ਇਸ ਸਬੰਧ ਵਿੱਚ ਧਾਰਾ 384,120-ਬੀ ਹੇਠ ਥਾਣਾ ਹਾਜੀਪੁਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ ਜਾਂਚ ਦੌਰਾਨ ਰਾਜੀਵ ਕੁਮਾਰ ਪੁੱਤਰ ਮਲਕੀਤ ਸਿੰਘ ਵਾਸੀ ਕੱਕੋਵਾਲ ਥਾਣਾ ਗੜ੍ਹਸ਼ੰਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਦੀ ਪੁੱਛਗਿੱਛ ਮਗਰੋਂ ਕੁਲਵਿੰਦਰ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਲੱਖਪਤ ਨਗਰ, ਥਾਣਾ ਬਿਜਨੌਰ ਅਤੇ ਨਵਜਿੰ-ਦਰ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਸ਼ੇਰਪੁਰ ਖਾਦਰ, ਜ਼ਿਲਾ ਮੁਜ਼ੱਫਰਨਗਰ (ਦੋਵੇਂ ਵਸਨੀਕਯੂ ਪੀ)ਨੂੰ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਕੋਲੋਂ 4 ਹਜ਼ਾਰ ਰੁਪਏ ਦੀ ਨਕਦੀ, ਰਸੀਦਾਂ 10 ਪਰਚੀਆਂ, ਕੈਸ਼ੀਅਰ ਦੀ ਰੋਜ਼ਾਨਾ ਰਿਪੋਰਟ 7 ਪੰਨੇ ਅਤੇ 3 ਮਹਿੰਦਰਾ ਬੋਲੈਰੋ ਵ੍ਹੀਕਲ ਮਿਲੇ। ਗ੍ਰਿਫ਼ਤਾਰ ਕੀਤੇ ਦੋਸ਼ੀਆਂ ਦੀਪੁੱਛਗਿੱਛ ਵਿੱਚਉਨ੍ਹਾਂ ਨੇ ਦੱਸਿਆ ਕਿ ਜਬਰੀ ਵਸੂਲੀਲਈ ਉਨ੍ਹਾਂ ਦੇ ਹੋਰ ਸਾਥੀ ਵੀ ਹਨ। ਇਸ ਪਿੱਛੋਂ ਪੁਲਸ ਟੀਮਾਂ ਬਣਾ ਕੇ ਛਾਪੇਮਾਰੇਅਤੇ ਉਨ੍ਹਾਂ ਦੀ ਰਿਹਾਇਸ਼ੀ ਕੋਠੀ ਅਨਮੋਲ ਨਗਰ ਨੇੜੇ ਅੰਬਰ ਹੋਟਲ ਟਾਂਡਾ ਰੋਡ, ਹੁਸ਼ਿਆਰਪੁਰ ਦੀ ਚੈਕਿੰਗ ਮੌਕੇ ਹੋਰ ਸਾਥੀ ਫੜੇ ਗਏ।ਇਸ ਨਾਲ ਮਾਈਨਿੰਗ ਦੀ ਵਸੂਲੀ ਬਾਰੇ 1 ਕਰੋੜ 65 ਹਜ਼ਾਰ ਰੁਪਏ, ਫਰਜ਼ੀ ਰਸੀਦਾਂ, ਰਜਿਸਟਰ, ਬੋਲੈਰੋ ਜੀਪਾਂ, ਲੈਪਟਾਪ/ਕੰਪਿਊਟਰ ਤੇ ਨੋਟ ਗਿਣਨ ਵਾਲੀ ਮਸ਼ੀਨ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ।

ਇਨ੍ਹਾਂ ਸਾਰਿਆਂ ਤੋਂ ਪੁੱਛਗਿਛ ਦੌਰਾਨ ਇਹ ਗੱਲ ਨਿਕਲੀ ਕਿ ਪੁਲਸ ਤੇ ਮਾਈਨਿੰਗ ਵਿਭਾਗ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਖਿਲਾਫ ਚਲਾਈ ਸਖਤ ਮੁਹਿੰਮ ਦੀ ਆੜ ਵਿੱਚ ਕਿਸੇ ਸੁੰਨਸਾਨ ਰਸਤੇ ਉੱਤੇਟਰੱਕ ਅਤੇ ਟਿੱਪਰਾਂ ਨੂੰ ਰੋਕ ਕੇ ਆਪਣੇ ਆਪ ਨੂੰ ਮਾਈਨਿੰਗ ਵਿਭਾਗ ਵਾਲੇ ਦੱਸ ਕੇ ਇਹ ਲੋਕ ਉਨ੍ਹਾਂ ਤੋਂ ਜਬਰੀ ਪੈਸੇ ਲੈਂਦੇ ਸਨ। ਇਸ ਕੰਮ ਲਈ ਇਨ੍ਹਾਂ ਨੇ ਕਈ ਗੈਰ-ਕਾਨੂੰਨੀ ਫਲਾਇੰਗ ਟੀਮਾਂ ਬਣਾ ਰੱਖੀਆਂ ਹਨ, ਜੋ ਪਠਾਨਕੋਟ, ਹੁਸ਼ਿਆਰਪੁਰ, ਨਵਾਂ ਸ਼ਹਿਰ, ਰੋਪੜ ਅਤੇ ਹਿਮਾਚਲ ਪ੍ਰਦੇਸ਼ ਵਿੱਚ ਸਰਗਰਮ ਹਨ।

# ਬਿਕਰਮ ਮਜੀਠੀਆ ਨੇ ਡਰੱਗ ਕੇਸ ਦੀ ਜ਼ਮਾਨਤ ਲਈ ਸੁਪਰੀਮ ਕੋਰਟ ਦਾ ਦਰ ਖੜਕਾਇਆ



ਚੰਡੀਗੜ੍ਹ, 29 ਮਾਰਚ, (ਪੋਸਟ ਬਿਊਰੋ)- ਸੀਨੀਅਰ ਅਕਾਲੀ ਆਗੂ ਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਖਿਲਾਫ ਪੰਜਾਬ ਪੁਲਿਸ ਵੱਲੋਂ ਐਨਡੀਪੀਐਸ ਐਕਟ (ਨਸ਼ੀਲੇ ਪਦਾਰਥਾਂ ਦੇ ਧੰਦੇ ਵਿਰੁੱਧ ਕਾਨੂੰਨ) ਹੇਠ ਦਰਜ ਕੀਤੇ ਕੇਸ ਰੱਦ ਕਰਨ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਅਦਾਲਤ ਦੇ ਮੌਜੂਦਾ ਹੁਕਮ ਮੁਤਾਬਕ ਅਗਲੀ 5 ਅਪਰੈਲ ਤੱਕ ਜੁਡੀਸ਼ਲ ਹਿਰਾਸਤ ਕਾਰਨ ਪਟਿਆਲਾ ਜੇਲ੍ਹ ਵਿੱਚ ਬੰਦ ਹੈ। ਉਸ ਨੇ ਵਿਧਾਨ ਸਭਾ ਚੋਣਾਂ ਪਿੱਛੋਂ ਅਦਾਲਤੀ ਹੁਕਮਾਂ ਉੱਤੇ ਅਦਾਲਤ ਵਿੱਚ ਆਤਮ ਸਮਰਪਣ ਕੀਤਾ ਸੀ।ਇਸ ਤੋਂ ਪਹਿਲਾਂ ਉਸ ਨੂੰ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਵਜੋਂ ਚੋਣ ਲੜਨ ਲਈ ਸੁਪਰੀਮ ਕੋਰਟ ਨੇ 23 ਫਰਵਰੀ ਤੱਕ ਗ੍ਰਿਫਤਾਰੀ ਤੋਂ ਛੋਟ ਦੇਦਿੱਤੀ ਸੀ। ਚੋਣਾਂ ਹੋਣ ਪਿੱਛੋਂ ਜਦੋਂ ਇਸ ਦੀ ਮਿਆਦ ਖਤਮ ਹੋਈ ਤਾਂ ਉਸਨੇ ਆਤਮ ਸਮੱਰਪਣ ਕਰਨ ਪਿੱਛੋਂ ਮੋਹਾਲੀ ਅਦਾਲਤਨੂੰ ਜ਼ਮਾਨਤ ਦੀ ਅਰਜ਼ੀ ਦਿੱਤੀ ਸੀ, ਜਿਹੜੀ ਰੱਦ ਹੋ ਗਈ ਸੀ। ਫਿਰ ਉਹ ਪੰਜਾਬ ਹਰਿਆਣਾ ਹਾਈ ਕੋਰਟ ਗਿਆ ਤਾਂ ਓਥੇ ਜ਼ਮਾਨਤ ਨਹੀਂ ਸੀ ਮਿਲੀ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਖਿਲਾਫ ਬਣੇਕੇਸਾਂ ਨੂੰ ਸਿਆਸੀ ਪੱਖ ਤੋਂ ਪ੍ਰੇਰਤ ਕਹਿ ਕੇਅਦਾਲਤ ਨੂੰ ਦੱਸਿਆ ਕਿ ਇਨ੍ਹਾਂ ਦੋਸ਼ਾਂ ਦੀ ਜਾਂਚ ਪਹਿਲਾਂ ਹੀ ਸੀਨੀਅਰ ਪੁਲਿਸ ਅਫਸਰ ਕਰ ਚੁੱਕੇ ਹਨ।

ਵਿਧਾਨ ਸਭਾ ਚੋਣਾਂ ਦੇ ਨਤੀਜੇ ਪਿੱਛੋਂ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਨੇ 20 ਮਾਰਚ ਨੂੰ ਆਪਣੇ ਪਹਿਲੇ ਹੁਕਮਾਂ ਵਿੱਚਪੰਜਾਬ ਪੁਲਿਸ ਨੂੰ ਬਿਕਰਮ ਸਿੰਘ ਮਜੀਠੀਆ ਵਿਰੁੱਧ ਡਰੱਗਜ਼ਕੇਸ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ(ਐੱਸਆਈਟੀ) ਨਵੇਂ ਸਿਰਿਓਂ ਬਣਾਉਣ ਨੂੰ ਕਿਹਾ ਸੀ ਤੇ ਆਈਜੀ (ਕਰਾਈਮ ਬ੍ਰਾਂਚ) ਗੁਰਸ਼ਰਨ ਸਿੰਘ ਸੰਧੂ ਨੂੰ ਇਸ ਚਾਰ ਮੈਂਬਰੀ ਟੀਮ ਦੀ ਅਗਵਾਈ ਸੌਂਪੀ ਗਈ ਸੀ। ਪਿਛਲੀ ਚਰਨਜੀਤ ਸਿੰਘ ਚੰਨੀ ਵਾਲੀ ਕਾਂਗਰਸ ਸਰਕਾਰ ਨੇ ਜਾਂਚ ਟੀਮ ਬਣਾਈ ਤਾਂ ਦੋਸ਼ ਲੱਗਾ ਸੀ ਕਿਬਿਕਰਮ ਸਿੰਘ ਮਜੀਠੀਆ ਉੱਤੇ ਕੇਸ ਦਰਜ ਕਰਦੇ ਸਾਰਉਸ ਟੀਮ ਦੇ ਮੁਖੀ ਏਆਈਜੀ ਬਲਰਾਜ ਸਿੰਘਦੇ ਪੁਲਸ ਅਫਸਰ ਪੁੱਤਰ ਪ੍ਰਿੰਸਪ੍ਰੀਤ ਸਿੰਘ ਨੂੰ ਤਰੱਕੀ ਦੇ ਦਿੱਤੀ ਗਈ ਸੀ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

# ਵਿਅੰਗ ਆਲਸੀ ਸ੍ਰੀਮਾਨਾਂ ਦੀ ਤਾਰੀਫ ਵਿੱਚ

-ਨੂਰ ਸੰਤੋਖਪੁਰੀ-

ਆਲਸੀ ਲੋਕਾਂ ਦੀ ਆਪਣੀ ਵਿਲੱਖਣ, ਦਿਲਚਸਪ ਤੇ ਅੱਵਲ ਦਰਜੇ ਦੀ ਵਿਚਾਰਧਾਰਾ ਹੁੰਦੀ ਹੈ, ‘‘ਕੰਮ ਹੈ ਹਰਾਮ। ਸਭ ਤੋਂ ਵੱਡਾ ਸੁੱਖ ਹੈ ਆਰਾਮ। ਸੁਬ੍ਹਾ ਹੋਵੇ ਜਾਂ ਸ਼ਾਮ, ਕੰਮ ਦਾ ਨਹੀਂ ਲੈਣਾ ਨਾਮ।’’

ਆਲਸੀ ਬੰਦਿਆਂ ਦਾ ਕਿਸਮਤ ਅਤੇ ਰੱਬ ਉੱਤੇ ਪੂਰਾ ਭਰੋਸਾ ਹੁੰਦਾ ਹੈ। ਉਹ ਸਭ ਤੋਂ ਵੱਡੇ ਮੋਮਨ (ਆਸਤਿਕ) ਤੇ ਆਸ਼ਾਵਾਦੀ ਹੁੰਦੇ ਹਨ। ਉਹ ਆਪਣੇ ਨੇੜੇ ਨਾਸਤਿਕਤਾ ਤੇ ਨਿਰਾਸ਼ਾ ਨੂੰ ਬੈਠਣ ਜਾਂ ਲੇਟਣ ਨਹੀਂ ਦਿੰਦੇ। ਕਈ ਕਈ ਘੰਟੇ ਮੰਜੇ ਉੱਤੇ ਲੇਟੇ-ਲੇਟੇ ਜਾਂ ਫਿਰ ਕੁਰਸੀ, ਸੋਫਾ ਵਗੈਰਾ ਉੱਤੇ ਬੈਠੇ-ਬੈਠੇ ਆਪਣੇ ਭਰੋਸੇ ਨੂੰ ਮਜ਼ਬੂਤ ਕਰਦੇ ਰਹਿੰਦੇ ਹਨ। ਰੱਬ ਦਾ ਨਾਂਅ ਜਪਦੇ ਰਹਿੰਦੇ ਹਨ। ‘ਆਰਾਮ ਹੈ ਹਰਾਮ’ ਅਤੇ ‘ਕੰਮ ਹੀ ਪੂਜਾ, ਆਲਸ ਰੋਗਾਂ ਦਾ ਨਾਂਅ ਦੂਜਾ’ ਦੇ ਵਿਸ਼ਵਾਸੀ ਲੋਕਾਂ ਕੋਲ ਮੰਜੀਆਂ ਤੋੜਨ, ਰੱਬ ਦਾ ਨਾਂਅ ਜਪਣ ਦਾ ਸਮਾਂ ਭਾਵੇਂ ਨਾ ਹੋਵੇ, ਪਰ ਆਲਸੀ ਤੇ ਕੰਮਚੋਰਾਂ ਕੋਲ ਕਾਫੀ ਸਮਾਂ ਹੁੰਦਾ ਹੈ। ਕੋਈ ਕੰਮ-ਧੰਦਾ ਕਰਨ ਦੀ ਨਸੀਹਤ, ਸਲਾਹ ਆਦਿ ਦੇਣ ਉੱਤੇ ਅੱਗੋਂ ਪ੍ਰਵਚਨ ਕਰਨ ਲੱਗ ਜਾਂਦੇ ਹਨ।

ਆਲਸ ਨੂੰ ਚਾਹੁਣ ਅਤੇ ਵਿਛਾਉਣ ਵਾਲੇ ਆਪਣੇ ਹੰਝੂਆਂ, ਭੋਲੇਪਣ ਅਤੇ ਮਾਸੂਮੀਅਤ ਨਾਲ ਦੂਸਰਿਆਂ ਦਾ ਸਹਾਰਾ, ਸਹਾਇਤਾ ਤੇ ਹਮਦਰਦੀ ਹਾਸਲ ਕਰ ਲੈਂਦੇ ਨੇ। ਆਪਣੇ ਹਿੱਸੇ ਦੇ ਕੰਮ ਬਾਕੀਆਂ ਤੋਂ ਕਰਵਾ ਲੈਂਦੇ ਨੇ। ਇਨ੍ਹਾਂ ਨੂੰ ਹੋਰ ਲੋਕਾਂ ਨੂੰ ਜਜ਼ਬਾਤੀ, ਹਿਪਨੋਟਾਈਜ਼ ਕਰਨਾ ਆਉਂਦਾ ਹੈ। ਮਿੱਠੀਆਂ ਗੱਲਾਂ ਦੇ ਜਾਲ ਵਿੱਚ ਫਸਾਉਣਾ ਆਉਂਦਾ ਹੈ। ਆਲਸੀ ਆਦਮੀ ਚੁਸਤ ਤਾਂ ਹੁੰਦਾ ਨਹੀਂ, ਹੱਦ ਦਰਜੇ ਦਾ ਚਲਾਕ, ਕਮੀਨਾ ਜ਼ਰੂਰ ਹੁੰਦਾ ਹੈ। ਉਹ ਕੋਈ ਕੰਮ-ਧੰਦਾ ਕਰਨ ਵਿੱਚ ਆਪਣੀ ਦੇਹ ਦੀ ਚਰਬੀ (ਊਰਜਾ) ਭਾਵੇਂ ਨਾ ਖਰਚ ਕਰੇ, ਪਰ ਬਹਾਨੇ ਬਣਾਉਣ ਵਿੱਚ ਆਪਣੇ ਦਿਮਾਗ ਦੀ ਚਰਬੀ ਖਰਚ ਕਰ ਲੈਂਦਾ ਹੈ। ਆਪਣਾ ਸਿਰ, ਆਪਣੀਆਂ ਲੱਤਾਂ ਤੱਕ ਦੂਜਿਆਂ ਤੋਂ ਘੁਟਵਾ ਲੈਂਦਾ ਹੈ। ਦੁਨੀਆ ਭਰ ਵਿੱਚ ਜਿੰਨੇ ਕੰਮਾਂ ਤੋਂ ਜੀਅ ਚੁਰਾਉਣ ਦੇ ਜਾਂ ਉਕਾ ਹੀ ਕੰਮ ਨਾ ਕਰਨ ਦੇ ਬਹਾਨੇ ਹਨ, ਜੁਗਤਾਂ ਹਨ, ਇਨ੍ਹਾਂ ਸਭ ਦੇ ਜਨਮਦਾਤਾ ਇਹ ਤਮਾਮ ਆਲਸੀ ਅਤੇ ਕੰਮਚੋਰ ਹੀ ਹੁੰਦੇ ਨੇ। ਇਨ੍ਹਾਂ ਦਾ ਅਸੂਲ ਤੇ ਗ੍ਰੇਟ ਫਲਸਫਾ ਇਹ ਹੁੰਦਾ ਹੈ, ‘‘ਅੱਜ ਦਾ ਕੰਮ ਕੱਲ੍ਹ ਕਰੋ। ਕੱਲ੍ਹ ਦਾ ਪਰਸੋਂ ਤੇ ਪਰਸੋਂ ਦਾ ਹਫਤੇ ਪਿੱਛੋਂ ਕਰੋ। ਜ਼ਿਆਦਾ ਜ਼ਰੂਰੀ ਕੰਮ ਸਾਲ ਬਾਅਦ ਕਰੋ।’’
ਇਸ ਕਾਰਨ ਇਨ੍ਹਾਂ ਦੇ ਘਰ ਪਸ਼ੂਆਂ ਦੇ ਵਾੜੇ ਜਾਂ ਕਬਾੜੀਆਂ ਦੇ ਕਬਾੜਖਾਨਿਆਂ ਵਰਗੇ ਨਜ਼ਰ ਆਉਂਦੇ ਹਨ। ਜਿਨ੍ਹਾਂ ਦਫਤਰਾਂ ਵਿੱਚ ਇਹ ਨੌਕਰੀ ਕਰਦੇ ਹਨ, ਉਨ੍ਹਾਂ ਵਿੱਚ ਇਨ੍ਹਾਂ ਦੇ ਹਿੱਸੇ ਦੇ ਕੰਮਾਂ ਤੇ ਫਾਈਲਾਂ ਦੇ ਢੇਰ ਲੱਗ ਜਾਂਦੇ ਹਨ। ਇਨ੍ਹਾਂ ਦੀ ਲੇਟਲਤੀਫੀ, ਨਾਂਹ ਨੁੱਕਰ, ਬਹਾਨੇਬਾਜ਼ੀ ਟੱਬਰ, ਸਮਾਜ, ਮੁਲਕ ਨੁੱਕਰੇ ਲਾਈ ਰੱਖਦੀ ਹੈ। ਇਨ੍ਹਾਂ ਦੀਆਂ ਮਿੱਠੀਆਂ ਗੱਲਾਂ, ਭੋਲੀਆਂ ਸੂਰਤਾਂ ਤੋਂ ਪ੍ਰਭਾਵਤ ਹੋ ਕੇ, ਪਸੀਜ ਕੇ ਉਦਮੀ-ਮਿਹਨਤੀ ਲੋਕ ਕਦੋਂ ਤੱਕ ਇਨ੍ਹਾਂ ਦੇ ਹਿੱਸੇ ਦੇ ਕੰਮ-ਧੰਦੇ ਕਰਦੇ ਰਹਿਣ। ਇਨ੍ਹਾਂ ਦੇ ਸੌ-ਸੌ ਬਹਾਨੇ ਸੁਣਦੇ ਰਹਿਣ? ਸੌ-ਸੌ ਨਖਰੇ ਸਹਿੰਦੇ ਰਹਿਣ? ਕਦੋਂ ਤੱਕ ਇਨ੍ਹਾਂ ਦੇ ਹਿੱਸੇ ਦੀਆਂ ਫਾਈਲਾਂ ਨਿਪਟਾਉਂਦੇ ਰਹਿਣ? ਹਰ ਖੇਤਰ ਅਤੇ ਕੰਮ ਵਿੱਚ ਆਲਸੀ ਬੰਦੇ ਫਾਡੀ ਸਿੱਧ ਹੁੰਦੇ ਨੇ। ਘਰਵਾਲਿਆਂ ਅਤੇ ਦਫਤਰ ਦੇ ਬੌਸ ਕੋਲੋਂ ਲਾਹਨਤਾਂ, ਫਿਟਕਾਰਾਂ, ਝਿੜਕਾਂ ਸੁਣਨ ਵਿੱਚ ਅੱਗੇ ਰਹਿੰਦੇ ਹਨ। ਆਲਸੀ ਲੋਕ ਨਾ ਸਿਰਫ ਤਰੱਕੀ ਤੇ ਖੁਸ਼ਹਾਲੀ ਦੇ ਵੈਰੀ ਹੁੰਦੇ ਹਨ, ਸਗੋਂ ਇਹ ਆਪਣੀ ਸਿਹਤ ਅਤੇ ਤੰਦਰੁਸਤੀ ਦੇ ਵੀ ਦੁਸ਼ਮਣ ਹੁੰਦੇ ਹਨ। ‘ਕੰਮ ਦੇ ਨਾ ਕਾਜ ਦੇ, ਦੁਸ਼ਮਣ ਅਨਾਜ ਦੇ, ਦੇਸ਼ ਸਮਾਜ ਦੇ।’’ ਇਨ੍ਹਾਂ ਦੀ ਆਦਤ ‘ਮਨ ਹਰਾਮੀ, ਹੁੱਜਤਾਂ ਢੇਰ’, ‘ਆਖਾ ਮੋੜਨਾ ਨਹੀਂ, ਡੱਕਾ ਤੋੜਨਾ ਨਹੀਂ’ ਵਾਲੀ ਹੁੰਦੀ ਹੈ।

ਕੋਰੋਨਾ ਤਾਲਾਬੰਦੀ, ਕਰਫਿਊ ਦੌਰਾਨ ‘ਵਰਕ ਫਰਾਮ ਹੋਮ’ ਨੀਤੀ ਨੇ ਆਲਸੀ ਲੋਕਾਂ ਦੀ ਨੀਤ ਵਿੱਚ ਖੋਟ ਤੇ ਸਿਹਤ ਵਿੱਚ ਸੁਸਤੀ ਕੁੱਟ ਕੁੱਟ ਕੇ ਭਰ ਦਿੱਤੀ। ਇਨ੍ਹਾਂ ਵੱਲੋਂ ਲਈਆਂ ਜਾਂਦੀਆਂ ਉਬਾਸੀਆਂ ਅਤੇ ਅੰਗੜਾਈਆਂ ਦੀ ਗਿਣਤੀ ਕਈ ਗੁਣਾਂ ਵਧ ਗਈ। ਉਂਝ ਵੀ ਤਮਾਮ ਸੁਸਤ, ਢਿੱਲੇ-ਢਿੱਲੇ, ਢਿੱਡਲ, ਆਲਸੀ ਲੋਕਾਂ ਦਾ ਸੁਭਾਅ ਪੈਰ ਪਸਾਰ ਕੇ ਸੌਣਾ ਤੇ ਦਿਨ ਵਿੱਚ ਦੁਪਹਿਰ ਵੇਲੇ ਜਾਗਣ-ਉਠਣ ਦਾ ਹੁੰਦਾ ਹੈ। ਫੋਨ, ਕੰਪਿਊਟਰ, ਲੈਪਟਾਪ ਕਲਚਰ ਨੇ ਅਨੇਕ ਲੋਕਾਂ ਨੂੰ ਦੇਰ ਰਾਤ ਤੱਕ ਜਾਗਣ ਦਾ ਆਦੀ ਬਣਾ ਦਿੱਤਾ। ‘ਅਰਲੀ ਟੂ ਬੈੱਡ, ਅਰਲੀ ਟੂ ਰਾਈਜ, ਮੇਕਸਕ ਹੈਲਥੀ-ਵੈਲਥੀ ਐਂਡ ਵਾਈਜ਼’ ਦੀ ਜਗ੍ਹਾ ‘ਨੋ ਅਰਲੀ ਟੀ ਬੈੱਡ, ਨੋ ਅਰਲੀ ਟੂ ਰਾਈਜ, ਨੋ ਐਕਸਰਸਾਈਜ਼, ਨੋ ਐਕਟੀਵਿਟੀ, ਨੋ ਅਰਲੀ ਵਰਕ ਇਜ ਰਾਈਟ’ ਕਥਨ ਨੂੰ ਸੌ ਫੀਸਦੀ ਸਹੀ ਮੰਨਣ ਵਾਲਿਆਂ ਦੀ ਗਿਣਤੀ ਹਰ ਦਿਨ ਵਧੀ ਜਾਂਦੀ ਹੈ। ਇੱਕ ਸਰਵੇਖਣ ਮੁਤਾ-ਬਕ 41 ਫੀਸਦੀ ਬਾਲਗ (18-69 ਸਾਲ ਉਮਰ ਵਰਗ ਦੇ ਭਾਰਤੀ) ਕਿਸੇ ਕਿਸਮ ਦੀ ਵਰਜ਼ਿਸ਼ (ਕਸਰਤ) ਨਹੀਂ ਕਰਦੇ।

ਨਤੀਜੇ ਵਜੋਂ ਅਨੇਕ ਭਾਰਤੀਆਂ ਨੂੰ ਮੋਟਾਪੇ ਦਾ ਰਿੱਛ ਜੱਫੇ ਵਿੱਚ ਲੈ ਰਿਹਾ ਹੈ। ਹਾਈ ਬਲੱਡਪ੍ਰੈਸ਼ਰ, ਸ਼ੂਗਰ, ਦਿਲ ਦੇ ਰੋਗ, ਜੋੜਾਂ ਦੇ ਰੋਗ, ਹੌਂਕਣੀ ਚੜ੍ਹਨ, ਹੱਡੀਆਂ ਤੇ ਪੱਠਿਆਂ ਦੀ ਕਮਜ਼ੋਰੀ ਦੇ ਰੋਗ ਬਹੁਤ ਸਾਰੇ ਲੋਕਾਂ ਨੂੰ ਜੋਕਾਂ ਵਾਂਗ ਚਿੰਬੜੇ ਹੋਏ ਹਨ। ਡਾਕਟਰ ਦੀਆਂ ਦੁਕਾਨਾਂਅਤੇ ਛੋਟੇ-ਵੱਡੇ ਹਸਪਤਾਲਾਂ ਵਿੱਚ ਮਰੀਜ਼ਾਂ ਦੀਆਂ ਰੌਣਕਾਂ ਲੱਗੀਆਂ ਹੁੰਦੀਆਂ ਹਨ। ਪੰਜ ਤੇ ਸੱਤ ਸਿਤਾਰਾ ਹੋਟਲਾਂ ਵਰਗੇ ਸਪੈਸ਼ਲ, ਸੁਪਰ ਤੇ ਮਲਟੀ ਸਪੈਸ਼ਲ ਹਸਪਤਾਲ ਧੜਾਧੜ ਚੱਲ ਰਹੇ ਹਨ। ਪਹਿਲਾਂ ਤੋਂ ਖੁੱਲ੍ਹੇ ਹੋਏ ਖੂਬ ਚੱਲਦੇ ਹਨ। ਦਵਾਈਆਂ ਬਣਾਉਣ ਤੇ ਵੇਚਣ ਵਾਲਿਆਂ ਅਤੇ ਮੈਡੀਕਲ ਟੈਸਟ ਕਰਨ ਵਾਲਿਆਂ ਦੇ ਵਾਰੇ-ਨਿਆਰੇ ਹੋ ਰਹੇ ਹਨ। ਚਾਹ ਦੀਆਂ ਦੁਕਾਨਾਂ ਅਤੇ ਪਾਨ ਦੇ ਖੋਖਿਆਂ ਤੋਂ ਕਿਤੇ ਜ਼ਿਆਦਾ ਕੈਮਿਸਟਾਂ ਦੀਆਂ ਦੁਕਾਨਾਂ ਖੁੱਲ੍ਹ ਚੁੱਕੀਆਂ ਹਨ। ਆਲਸੀ ਲੋਕਾਂ ਦੀ ਰੇਲ ਗੱਡੀ, ਬਸ ਆਦਿ ਛੁੱਟ ਜਾਂਦੀ ਹੈ। ਲੱਗੀ ਹੋਈ ਯਾਰੀ ਟੁੱਟ ਜਾਂਦੀ ਹੈ। ਹਵਾਈ ਅੱਡੇ ਉੱਤੇ ਪੁੱਜਣ ਵਿੱਚ ਦੇਰ ਕਰ ਦਿੰਦੇ ਨੇ ਤੇ ਜਹਾਜ਼ ਫੁ-ਰੁ-ਰੁ ਉਡ ਜਾਂਦਾ ਏ। ਇਹ ‘ਕਾਰਵਾਂ ਗੁਜ਼ਰ ਗਿਆ ਔਰ ਗੁਬਾਰ ਦੇਖਦੇ ਰਹੇ’ ਗੀਤ ਦੀਆਂ ਤੁਕਾਂ ਗੁਣਗੁਣਾ ਕੇ ਆਪਣੇ ਦਿਲਾਂ ਨੂੰ ਹੌਸਲੇ ਦੇ ਲੈਂਦੇ ਹਨ। ਬੱਲੇ-ਬੱਲੇ। ਨਹਾਉਣ-ਧੋਣ ਤੋਂ ਇਨ੍ਹਾਂ ਨੂੰ ਬਹੁਤ ਡਰ ਲੱਗਦਾ ਹੈ। ਅੱਵਲ ਨੰਬਰ ਦੇ ਆਲਸੀ ਤਾਂ ਆਪਣੀ ਹੀ ਸ਼ਾਦੀ ਕਰਵਾਉਣ ਵਿੱਚ ਲੇਟ ਹੋ ਜਾਂਦੇ ਹਨ। ਸ਼ਾਦੀ ਦੇ ਮੰਡਪ ਵਿੱਚ ਦੇਰ ਨਾਲ ਪੁੱਜਦੇ ਹਨ। ਲਾੜੀਆਂ ਦੇ ਮਾਪਿਆਂ ਦਾ ਮਨ ਕਰਦਾ ਹੈ ਕਿ ਜੁੱਤੀ ਲਾਹ ਕੇ ਜੁਆਈ ਮਹਾਰਾਜਿਆਂ ਦੀ ‘ਆਓ ਭਗਤ' ਕੀਤੀ ਜਾਵੇ, ਪਰ ਉਹ ਅਜਿਹਾ ਨਹੀਂ ਕਰ ਪਾਉਂਦੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer Marketing:** | Aman Warraich<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:


satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਸੱਪਾਂ ਦੀ ਧਰਤੀ 'ਕੈਂਕੂਨ' ਦਾ ਪੰਜ-ਦਿਨਾਂ ਪਰਿਵਾਰਕ ਟੂਰ

ਡਾ. ਸੁਖਦੇਵ ਸਿੰਘ ਝੰਡ
(647-567-9128)

ਕਰੇਬੀਅਨ ਸਾਗਰ ਦੇ ਕਿਨਾਰੇ ਵੱਸਿਆ ਟੂਰਿਜ਼ਮ ਦੇ ਪੱਖੋਂ 'ਕੈਂਕੂਨ' ਮੈਕਸੀਕੋ ਦਾ ਖ਼ੂਬਸੂਰਤ ਮਹੱਤਵਪੂਰਨ ਸ਼ਹਿਰ ਹੈ। ਅੰਗਰੇਜ਼ੀ ਵਿਚ 'ਛਅਨਚੁਨ' ਵਜੋਂ ਲਿਖਿਆ ਜਾਣ ਵਾਲਾ ਇਹ ਨਾਂ ਪੁਰਾਤਨ ਮੈਕਸੀਕਨ 'ਮਾਇਅਨ ਸੱਭਿਅਤਾ' ਦੀ ਭਾਸ਼ਾ ਦੇ ਸ਼ਬਦ 'ਖਅਅਨਕੁਨ' ਤੋਂ ਆਇਆ ਹੈ ਜਿਸ ਦਾ ਅਰਥ ਹੈ,'ਸੱਪਾਂ ਦੀ ਰਿਹਾਇਸ-਼ਗਾਹ'। ਇਸ ਦੇ ਪਹਿਲੇ ਭਾਗ 'ਖਅਅਨ' ਦਾ ਅਰਥ 'ਸੱਪ' ਹੈ ਅਤੇ ਪਿਛਲੇ 'ਖੁਨ' ਦਾ ਅਰਥ ਹੈ 'ਰਹਿਣਾ'। ਇਸ ਤਰ੍ਹਾਂ ਇਹ ਧਰਤੀ ਸੱਪਾਂ ਅਤੇ ਇਸ ਕਿਸਮ ਦੇ ਹੋਰ ਰੀਂਗਣ ਵਾਲੇ ਜੀਵਾਂ ਸਕੌਰਪੀਅਨਾਂ ਤੇ ਇਗੂਆਨਾਂ, ਆਦਿ ਦੇ ਰਹਿਣ ਦੀ ਧਰਤੀ ਹੈ।

'ਮੈਕਸੀਕੋ' ਦਾ ਨਾਂ ਪੰਜਾਬ ਵਿਚ ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਅਖ਼ੀਰ ਵਿਚ ਸੁਣਿਆਂ ਗਿਆ ਸੀ ਜਦੋਂ ਭਾਰਤ ਵਿਚ ਅਨਾਜ ਦੀ ਭਾਰੀ ਘਾਟ ਹੋ ਜਾਣ ਕਾਰਨ ਉਸ ਨੂੰ ਅਮਰੀਕਾ ਕੋਲੋਂ ਸਮਝੌਤੇ ਪੀ.ਐੱਲ. 480 ਅਧੀਨ ਮੈਕਸੀਕਨ ਕਣਕ ਮੰਗਵਾਉਣੀ ਪਈ ਸੀ ਅਤੇ ਪੂਰੇ ਪੰਜ ਦਹਾਕਿਆਂ ਬਾਅਦ ਸਾਨੂੰ ਇਸ ਦੇਸ਼ ਮੈਕਸੀਕੋ ਦੇ ਸ਼ਹਿਰ 'ਕੈਂਕੂਨ' ਨੂੰ ਨੇੜਿਉਂ ਤੱਕਣ ਅਤੇ ਇੱਥੇ ਪੰਜ ਦਿਨ ਸੈਰ ਕਰਨ ਦਾ ਮੌਕਾ ਮਿਲਿਆ। ਇਸ ਨੂੰ ਮਹਿਜ਼ 'ਮੌਕਾ-ਮੇਲ' ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਅਸੀਂ ਦੋਵੇਂ ਜੀਅ ਤਿੰਨ ਕੁ ਮਹੀਨੇ ਪਹਿਲਾਂ ਅਮਰੀਕਾ ਦੇ ਸ਼ਹਿਰ ਸੈਨ ਐਨਟੋਨੀਓ ਵਿਚ ਬੇਟੀ ਗਗਨ ਕੋਲ ਉਸਦੇ ਪਰਿਵਾਰ ਨੂੰ ਮਿਲਣ ਆਏ ਸੀ ਅਤੇ ਇੱਥੋਂ ਦੀਆਂ ਸਰਦੀਆਂ ਦੇ ਖ਼ੁਸ਼ਗੁਆਰ ਮੌਸਮ ਦਾ ਪੂਰਾ ਅਨੰਦ ਲੈ ਰਹੇ ਸੀ। ਮਾਰਚ ਦੇ ਪਹਿਲੇ ਹਫ਼ਤੇ ਬੱਚਿਆਂ ਨੂੰ ਸਕੂਲਾਂ ਵਿਚ ਹੋਣ ਵਾਲੀ 'ਮਾਰਚ-ਬਰੇਕ' ਵਿਚ ਸਾਡੇ ਪਰਿਵਾਰ ਨੇ ਇਕ ਹੋਰ ਦੋਸਤ ਪਰਿਵਾਰ ਦੇ ਨਾਲ ਮਿਲ ਕੇ ਪੰਜ ਦਿਨਾਂ ਲਈ ਮੈਕਸੀਕੋ ਦੇ ਸ਼ਹਿਰ 'ਕੈਂਕੂਨ' ਜਾਣ ਦਾ ਪ੍ਰੋਗਰਾਮ ਬਣਾ ਲਿਆ।

ਦੋਹਾਂ ਪਰਿਵਾਰਾਂ ਨੇ ਇਸ ਸ਼ਹਿਰ ਦੇ ਇਕ ਪੰਜ-ਤਾਰਾ ਹੋਟਲ 'ਹਾਰਡ ਰੌਕ' ਵਿਚ ਪੰਜ ਦਿਨ ਠਹਿਰਨ ਲਈ ਬੁਕਿੰਗ ਕਰਵਾ ਲਈ ਅਤੇ ਪੰਜ ਮਾਰਚ ਦੀ ਫ਼ਲਾਈਟ ਲੈ ਕੇ 'ਕੈਂਕੂਨ' ਪਹੁੰਚ ਗਏ। ਹੋਟਲ ਤੀਕ ਪਹੁੰਚਦਿਆਂ ਕਾਫ਼ੀ ਹਨੇਰਾ ਪਸਰ ਚੁੱਕਾ ਸੀ ਅਤੇ 'ਚੈੱਕ-ਇਨ' ਕਰਦਿਆਂ ਵੀ ਕਾਫ਼ੀ ਸਮਾਂ ਲੱਗ ਗਿਆ। ਏਨੇ ਨੂੰ ਭੁੱਖ ਵੀ ਕਾਫ਼ੀ ਚਮਕ ਪਈ । ਲਾਬੀ ਦੇ ਨਾਲ ਬਣੀ 'ਮਾਇਆ ਮਾਰਕੀਟ' ਦੇ ਨਾਲ ਲੱਗਦੇ 'ਮਾਰਕੀਟ ਪਲੇਸ ਰੈਸਟੋਰੈਂਟ' ਵੱਲ ਜਾਣਾ ਹੀ ਮੁਨਾਸਿਬ ਸਮਝਿਆ। ਡਾਈਨਿੰਗ-ਹਾਲ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਸਜਾਏ ਹੋਏ ਸਨ। ਵੈੱਜ, ਨਾਨ-ਵੈੱਜ, ਕਈ ਤਰ੍ਹਾਂ ਦਾ ਮੀਟ ਤੇ ਚਿੱਕਨ, ਸੈਲਮਨ, ਟਰਾਊਟ, ਆਦਿ ਸਮੇਤ ਮੱਛੀ ਦੀਆਂ ਵੱਖ-ਵੱਖ ਕਿਸਮਾਂ, ਸ਼ਰਿੰਪਸ, ਪਰਾਨਜ਼, ਤਰ੍ਹਾਂ-ਤਰ੍ਹਾਂ ਦੇ ਕੱਟੇ ਹੋਏ ਫ਼ਲ, ਕਈ ਕਿਸਮ ਦਾ ਸਲਾਦ ਤੇ ਹੋਰ ਕਈ ਕੁਝ। ਸਵੇਰ ਤੋਂ ਹੀ ਚੱਲ ਰਹੀ ਨੱਠ-ਭੱਜ ਦੇ ਕਾਰਨ ਥਕਾਵਟ ਵੀ ਮਹਿਸੂਸ ਹੋ ਰਹੀ ਸੀ। ਕਮਰੇ ਵਿਚ ਆ ਕੇ ਬੈੱਡ 'ਤੇ ਪੈਂਦਿਆਂ ਹੀ ਨੀਂਦ ਨੇ ਘੇਰਾ ਪਾ ਲਿਆ।

ਅਗਲੇ ਦਿਨ ਸਵੇਰੇ ਉੱਠ ਕੇ ਖਿੜਕੀ ਵਿੱਚੋਂ ਬਾਹਰ ਝਾਤੀ ਮਾਰੀ ਤਾਂ ਹੋਟਲ ਦੀ ਸ਼ਾਨਦਾਰ ਲੈਂਡ-ਸਕੇਪਿੰਗ, ਹਰੇ-ਭਰੇ ਲਾਅਨ ਅਤੇ ਵਿਸ਼ਾਲ ਸਮੁੰਦਰ ਨਜ਼ਰੀਂ ਪਏ। ਏਨੇ ਚਿਰ ਨੂੰ ਬੱਚਿਆਂ ਵੱਲੋਂ ਆਰਡਰ ਕੀਤਾ ਹੋਇਆ ਨਾਸ਼ਤਾ ਲੈ ਕੇ ਹੋਟਲ ਦੇ ਕਰਮਚਾਰੀ ਨੇ ਬੈੱਲ ਖੜਕਾ ਦਿੱਤੀ। ਗਰਮ-ਗਰਮ ਆਮਲੇਟ, ਬਰੈੱਡ ਦੇ ਦੋ-ਦੋ ਪੀਸ, ਜੈਮ, ਬਟਰ, ਕੱਟੇ ਹੋਏ ਚਾਰ-ਪੰਜ ਕਿਸਮ ਦੇ ਫ਼ਲ, ਕਾਫ਼ੀ ਆਦਿ ਨਾਲ ਲੱਦੀ ਹੋਈ ਵੱਡੀ ਸਾਰੀ ਟਰੇਅ ਸਾਡੇ ਸਾਹਮਣੇ ਰੱਖ ਦਿੱਤੀ। ਫਿਰ ਬੱਚਿਆਂ ਦੇ ਨਾਲ ਪੂਲ 'ਤੇ ਜਾਣ ਦਾ ਪ੍ਰੋਗਰਾਮ ਬਣ ਗਿਆ ਅਤੇ ਉਨ੍ਹਾਂ ਨੇ ਸਾਨੂੰ ਵੀ ਆਪਣੇ 'ਸਵਿੱਮ-ਵੀਅਰ' ਨਾਲ ਲੈ ਕੇ ਚੱਲਣ ਲਈ ਕਿਹਾ। ਪੂਲ 'ਤੇ ਪੂਰੀਆਂ ਰੌਣਕਾਂ ਸਨ। ਲੋਕ ਘੱਟ ਤੋਂ ਘੱਟ ਕੱਪੜਿਆਂ ਵਿਚ ਰੰਗ-ਬਰੰਗੇ ਸਵਿੰਮਿੰਗ-ਸੂਟਾਂ ਵਿਚ ਏਧਰ-ਓਧਰ ਘੁੰਮ ਰਹੇ ਸਨ। ਸੈਰ ਕਰਨ ਆਏ ਕਈ ਗਰੁੱਪਾਂ ਦੇ ਮੈਂਬਰਾਂ, ਖ਼ਾਸ ਤੌਰ 'ਤੇ ਲੜਕੀਆਂ ਨੇ ਤਾਂ ਸਵਿੱਮਿੰਗ-ਸੂਟ ਇੱਕੋ ਹੀ ਰੰਗ ਅਤੇ ਡੀਜ਼ਾਈਨ ਦੇ ਪਹਿਨੇ ਹੋਏ ਸਨ, ਜਿਵੇਂ ਇਹ ਉਨ੍ਹਾਂ ਦੀ 'ਯੂਨੀਫ਼ਾਰਮ' ਹੋਵੇ।

ਕਈਆਂ ਨੇ ਪੂਲ ਦੇ ਕੰਢੇ ਡਿੱਠੀਆਂ ਹੋਈਆਂ ਲੰਮੇ ਪੈਣ ਵਾਲੀਆਂ ਆਰਾਮ-ਕੁਰਸੀਆਂ ਉੱਪਰ ਹੋਟਲ ਵੱਲੋਂ ਪੂਲ 'ਤੇ ਮੁਹੱਈਆ ਕੀਤੇ ਗਏ ਵੱਡੇ ਤੌਲੀਏ ਵਿਛਾਂ ਕੇ ਮੱਲੀਆਂ ਹੋਈਆਂ ਸਨ ਅਤੇ ਆਪ ਉਹ ਕਈ ਪੂਲ ਦੇ ਪਾਣੀ ਵਿਚ ਬੈਠ ਕੇ ਜਾਂ ਉਸ ਵਿਚ ਤੈਰ ਕੇ ਪੂਰਾ ਅਨੰਦ ਲੈ ਰਹੇ ਸਨ। ਅਸੀਂ ਆਪਣੇ ਸਾਥੀ ਪਰਿਵਾਰ ਦੇ ਮੈਂਬਰਾਂ ਨੂੰ ਜਾ ਮਿਲੇ ਜਿਨ੍ਹਾਂ ਨੇ ਸਾਡੇ ਤੋਂ ਪਹਿਲਾਂ ਉੱਥੇ ਜਾ ਕੇ ਤੌਲੀਏ ਰੱਖ ਕੇ ਚਾਰ 'ਆਰਾਮ-ਕੁਰਸੀਆਂ' ਮੱਲੀਆਂ ਹੋਈਆਂ ਸਨ। ਅਸੀਂ ਵੀ ਆਪਣੇ ਸਵਿੰਮਿੰਗ-ਸੂਟਾਂ ਵਾਲਾ ਬੈਗ ਉੱਥੇ ਹੀ ਟਿਕਾਅ ਲਿਆ ਅਤੇ ਪੂਲ ਦਾ ਇਕ 'ਭਲਵਾਨੀ ਗੇੜਾ' ਲਾਇਆ। ਵਾਪਸ ਆ ਕੇ 'ਵਾਸ਼-ਰੂਮ ਵਿਚ ਜਾ ਕੇ 'ਨਹਾਉਣ ਵਾਲੀ ਨਿੱਕਰ' ਪਾ ਕੇ ਪੂਲ ਵਿਚ ਆ ਪੈਰ ਧਰਿਆ। ਮੈਂ ਤਾਂ ਪੂਲ ਵਿਚ ਜਾ ਡੁਬਕੀ ਲਾਈ ਪਰ ਸ੍ਰੀਮਤੀ ਜੀ ਦਾ ਉਸ ਦਿਨ ਪੂਲ ਵਿਚ ਜਾਣ ਨੂੰ ਮਨ ਨਾ ਕੀਤਾ। ਅਗਲੇ ਦਿਨ ਵੀ ਉਹ ਜੱਕੋ-ਤੱਕੀ ਵਿਚ ਗੋਡਿਆਂ ਤੀਕ ਪਾਣੀ 'ਚ ਨਹਾਉਣ ਵਾਲੀ ਨਿੱਕਰ ਅਤੇ ਟੀ-ਸ਼ਰਟ ਪਾਈ ਕਿੰਨਾ ਚਿਰ ਪੂਲ ਦੇ ਕਿਨਾਰੇ 'ਤੇ ਬੈਠੇ ਅਜੇ ਉਡੀਕ ਕਰ ਰਹੇ ਸਨ ਕਿ ਪਾਣੀ ਦੇ ਅੰਦਰ ਜਾਇਆ ਜਾਵੇ ਜਾਂ ਫਿਰ ਏਥੇ ਹੀ ਬੈਠਣਾ ਠੀਕ ਰਹੇਗਾ, ਕਿ ਏਨੇ ਚਿਰ ਨੂੰ ਬੱਚਿਆਂ ਨੇ ਉਸ ਨੂੰ ਧੱਕੇ ਨਾਲ ਪਾਣੀ ਦੇ ਅੰਦਰ ਵਾੜ ਦਿੱਤਾ।





ਹੋਟਲ ਦੀ ਇਹ ਪੂਲ ਕਾਫ਼ੀ ਲੰਮੀ ਸੀ। ਆਰੰਭ ਵਿਚ ਛੋਟੇ ਬੱਚਿਆਂ ਲਈ ਇਕ ਨਿੱਕਾ ਪੂਲ ਸੀ ਜਿਸ ਦੀ ਡੂੰਘਾਈ ਮਸਾਂ ਡੇਢ ਕੁ ਫੁੱਟ ਹੀ ਸੀ। ਉਸ ਤੋਂ ਅਗਲੇ ਲੰਮੇ ਪੂਲ ਦੀ ਡੂੰਘਾਈ ਚਾਰ ਫੁੱਟ ਸੀ। ਇਸ ਵਿਚ ਦੋ ਥਾਵਾਂ ਤੇ ਪੁਲ਼ ਬਣੇ ਹੋਏ ਸਨ ਜਿਨ੍ਹਾਂ ਰਾਹੀ ਅਸਾਨੀ ਨਾਲ ਇਕ ਪਾਸੇ ਤੋਂ ਦੂਸਰੇ ਪਾਸੇ ਆਇਆ ਜਾਇਆ ਜਾ ਸਕਦਾ ਸੀ। ਪੂਲ ਦੇ ਕੰਢੇ ਦੋ ਥਾਵਾਂ 'ਤੇ 'ਬਾਰਾਂ' ਬਣੀਆ ਹੋਈਆਂ ਸਨ ਜਿੱਥੇ ਹਰੇਕ ਕਿਸਮ ਦੀ ਵਾਈਨ, ਵਿਸਕੀ, ਬੀਅਰ, ਜੂਸ ਤੇ ਕਈ ਕਿਸਮ ਦੇ ਕੋਲਡ-ਡਰਿੰਕਸ ਮੌਜੂਦ ਸਨ। ਇਨ੍ਹਾਂ ਵਿੱਚੋਂ ਇਕ ਬਾਰ ਦੀ ਸਰਵਿਸ ਤਾਂ ਪੂਲ ਦੇ ਅੰਦਰਵਾਰ ਵੀ ਚੱਲ ਰਹੀ ਸੀ। ਘੰਟਾ ਕੁ ਪਾਣੀ ਵਿਚ ਵਿਚ ਬਹਿਣ ਅਤੇ ਉਸ ਦੇ ਵਿਚ ਫਿਰਨ-ਤੁਰਨ ਤੋਂ ਬਾਅਦ ਸਾਨੂੰ ਥੋੜ੍ਹੀ ਜਿਹੀ ਭੁੱਖ ਮਹਿਸੂਸ ਹੋਈ ਅਤੇ ਕੁਝ ਖਾਣ-ਪੀਣ ਨੂੰ ਦਿਲ ਕੀਤਾ। ਪਾਣੀ ਵਿਚਲੀ ਬਾਰ ਵੱਲ ਜਾਣ ਦੀ ਬਜਾਏ ਦੂਸਰੇ ਬੰਨੇ ਪੂਲ ਦੇ ਪਾਣੀ ਤੋਂ ਥੋੜ੍ਹੀ ਜਿਹੀ ਹੱਟਵੀ ਦੂਸਰੀ ਬਾਰ ਵੱਲ ਜਾ ਕੇ ਅਸੀਂ ਉੱਥੇ "ਟੂ ਗਲਾਸ ਪਾਈਨ-ਐਪਲ ਜੂਸ" ਦੀ ਮੰਗ ਕੀਤੀ ਅਤੇ ਉਹ ਲੈ ਕੇ ਫਿਰ ਪਾਣੀ ਵਿਚ ਵੜ ਗਏ। ਜੂਸ ਬੜਾ ਸੁਆਦੀ ਸੀ ਅਤੇ ਪੀ ਕੇ ਅਨੰਦ ਆ ਗਿਆ। ਘੰਟੇ ਕੁ ਬਾਅਦ ਹੀ ਮਿਸਿਜ਼ ਕਹਿਣ ਲੱਗੇ ਕਿ ਜੂਸ ਹੋਰ ਨਾ ਲਿਆਈਏ। ਮੈਂ ਕਿਹਾ,"ਚਲੋ ਚੱਲਦੇ ਆਂ, ਉੱਥੇ ਕਿਹੜੀ ਘਾਟ ਆ ਕਿਸੇ ਤਰ੍ਹਾਂ ਦੀ।" ਅਸੀਂ ਅਜੇ ਉਸ ਬਾਰ ਦੇ ਕਾਊਂਟਰ ਨੇੜੇ ਪਹੁੰਚੇ ਹੀ ਸਾਂ ਕਿ ਓਹੀ ਮੈਕਸੀਕਨ ਕਰਮਚਾਰੀ ਸਾਡੇ ਵੱਲੋਂ ਕੋਈ ਆਰਡਰ ਦੇਣ ਤੋਂ ਪਹਿਲਾਂ ਹੀ ਬੋਲ ਪਿਆ,"ਟੂ ਗਲਾਸ ਐਪਲ-ਜੂਸ?" ਮੈਂ ਮਨ 'ਚ ਆਖਿਆ,"ਬਈ ਇਹਨੇ ਤਾਂ ਸਾਡੀ ਚੰਗੀ ਸਿਆਣ ਰੱਖੀ ਏ।" ਵੈਸੇ, ਉਸ ਦੇ ਲਈ ਸਾਨੂੰ ਪਛਾਨਣਾ ਕੋਈ ਮੁਸ਼ਕਲ ਵੀ ਨਹੀਂ ਸੀ, ਕਿਉਂਕਿ ਉੱਥੇ ਕੇਵਲ ਪੂਲ ਏਰੀਏ ਵਿਚ ਹੀ ਨਹੀਂ, ਸਗੋਂ ਸਾਰੇ ਹੋਟਲ ਵਿਚ ਹੀ ਦਾੜ੍ਹੀ-ਮੁੱਛਾਂ ਅਤੇ ਦਸਤਾਰ ਵਾਲਾ ਇਹ ਸਰਦਾਰ 'ਸਵਾ-ਲੱਖ' ਹੀ ਸੀ।

ਪੂਲ ਦੇ ਕੰਢੇ ਡੀ.ਜੇ. ਸਵੇਰੇ ਨੌਂ ਵਜੇ ਤੋਂ ਸ਼ਾਮ ਦੇ ਛੇ ਵਜੇ ਤੱਕ ਚੱਲਦਾ ਰਹਿੰਦਾ। ਵੱਖ-ਵੱਖ ਭਾਸ਼ਾਵਾਂ ਵਿਚ ਗਾਣੇ ਇਸ 'ਤੇ ਵੱਜਦੇ ਰਹਿੰਦੇ ਅਤੇ ਕਈ ਡੀ.ਜੇ. ਵਾਲੇ ਟੈਂਟ ਦੇ ਸਾਹਮਣੇ ਆ ਕੇ ਡਾਂਸ ਕਰਦੇ। ਸਾਡੇ ਗਰੁੱਪ ਦੇ ਬੱਚਿਆਂ ਦਾ ਵੀ ਇਕ ਦਿਨ ਉੱਥੇ ਕੋਈ ਪੰਜਾਬੀ ਗਾਣਾ ਚਲਵਾ ਕੇ ਉਸ 'ਤੇ ਭੰਗੜਾ ਪਾਉਣ ਨੂੰ ਮਨ ਕੀਤਾ। ਬੇਟੇ ਹਰਮਨ ਨੇ 'ਡੀ.ਜੇ. ਕੰਟਰੋਲਰ' ਕੋਲ ਜਾ ਕੇ ਉਸ ਨੂੰ ਪੰਜ ਡਾਲਰ ਦੀ 'ਟਿੱਪ' ਦੇ ਕੇ ਕਰਨ ਔਜਲਾ ਦੇ ਗਾਏ ਪੰਜਾਬੀ ਗਾਣੇ "ਚੱਲ, ਮੈਕਸੀਕੋ ਚੱਲੀਏ" ਨੂੰ ਚਲਾਉਣ ਦੀ ਸਿਫ਼ਾਰਿਸ਼ ਕੀਤੀ ਜੋ ਉਸ ਦੇ ਵੱਲੋਂ ਝੱਟਪੱਟ ਮੰਨ ਲਈ ਗਈ। ਬੱਚਿਆਂ ਨੇ ਇਸ ਗਾਣੇ ਉੱਪਰ ਖ਼ੂਬ ਡਾਂਸ ਕੀਤਾ। ਉਨ੍ਹਾਂ ਨੂੰ ਉਮੀਦ ਸੀ ਕਿ ਗਾਣੇ ਦੇ ਬੋਲ ਸੁਣ ਕੇ ਸਾਇਦ ਹੋਰ ਪੰਜਾਬੀ ਵੀ ਉਨ੍ਹਾਂ ਨਾਲ ਆ ਰਲਣਗੇ ਪਰ ਕੋਈ ਨਾ ਆਇਆ। ਹੋ ਸਕਦਾ ਹੈ ਕਿ ਉਸ ਸਮੇਂ ਪੂਲ 'ਤੇ ਕੋਈ ਪੰਜਾਬੀ ਨਾ ਹੀ ਹੋਵੇ, ਨਹੀਂ ਤਾਂ ਢੋਲ ਦੇ ਡੱਗੇ ਦੀ ਆਵਾਜ਼ ਸੁਣ ਕੇ ਪੰਜਾਬੀਆਂ ਕੋਲੋਂ ਕਿੱਥੇ ਰਿਹਾ ਜਾਂਦਾ ਹੈ।

ਨਾਸ਼ਤਾ ਕਮਰੇ ਵਿਚ ਹੀ ਕਰਕੇ ਅਸੀਂ ਦਸ ਕੁ ਵਜੇ ਪੂਲ 'ਤੇ ਆ ਜਾਂਦੇ। ਇਕ ਦਿਨ ਅਸੀਂ ਨਾਸ਼ਤਾ ਪੂਰ ਦੇ ਨੇੜਲੇ ਰੈਸਟੋਰੈਂਟ ਵਿਚ ਬੈਠ ਕੇ ਵੀ ਕੀਤਾ। ਪਾਣੀ ਵਿਚ ਬੈਠ ਕੇ ਅਤੇ ਪਾਣੀ ਵਿਚ ਹੀ ਏਧਰ ਓਧਰ ਜਾ ਕੇ ਵਧੀਆ ਸਮਾਂ ਗੁਜ਼ਾਰਦੇ। ਜਦੋਂ ਭੁੱਖ ਜਾਂ ਪਿਆਸ ਲੱਗਦੀ ਤਾਂ ਬਾਰ ਦੇ ਨਾਲ ਲੱਗਦੇ 'ਫੂਡ-ਸਟੇਸ਼ਨ' ਜਾ ਕੇਂ ਕੱਟਿਆ ਹੋਇਆ ਫ਼ਰੂਟ, ਚਿੱਕਨ-ਵਿੰਗਜ਼, ਫ਼ਰਾਈਡ ਚਿੱਕਨ, ਚਿੱਪਸ, ਗਲੂਕੋਮੈਲੀ, ਸਾਲਸਾ ਆਦਿ ਕੁਝ ਨਾ ਕੁਝ ਖਾ ਪੀ ਆਉਂਦੇ। ਇਕ ਸਟਾਲ ਵਿਚ ਗਰਮ-ਗ਼ਰਮ ਪੀਜ਼ਾ ਵੀ ਮੌਕੇ 'ਤੇ ਤਿਆਰ ਹੋਇਆ ਮਿਲਦਾ ਸੀ। ਕਦੇ ਉਹ ਵੀ ਖਾਂ ਲੈਂਦੇ। ਬਾਰ ਤੋਂ ਜੂਸ, ਬੀਅਰ ਜਾਂ ਵਾਈਨ ਦਾ ਗਲਾਸ ਵੀ ਨਾਲ ਲੈ ਆਉਂਦੇ ਅਤੇ ਫਿਰ ਪਾਣੀ ਵਿਚ ਆ ਵੜਦੇ। ਕਦੇ ਅਸੀਂ ਪੂਲ ਦੇ ਨਾਲ ਹੀ ਹੇਠਾਂ ਨੂੰ ਪੌੜੀਆਂ ਉੱਤਰ ਕੇ ਬੀਚ ਵੱਲ ਵੀ ਗੇੜਾ ਲਾ ਆਉਂਦੇ। ਬੀਚ ਦਾ ਪਾਣੀ ਭਾਵੇਂ ਕਾਫ਼ੀ ਸਾਫ਼ ਸੀ ਪਰ ਇਸ ਵਿਚ ਨਹਾਉਣ ਲਈ ਸਾਡਾ ਮਨ ਨਾ ਮੰਨਿਆਂ, ਕਿਉਂਕਿ ਪੂਲ ਦੇ ਸਾਫ਼ ਪਾਣੀ ਨਾਲ ਇਸ ਦਾ ਕੋਈ ਮੁਕਾਬਲਾ ਨਹੀਂ ਸੀ। ਉਂਜ, ਉੱਥੇ ਇਕ ਦਿਨ ਲੱਕ-ਲੱਕ ਪਾਣੀ ਵਿਚ ਖਲੋ ਕੇ ਫ਼ੋਟੋਆਂ ਜ਼ਰੂਰ ਖਿਚਵਾ ਲਈਆਂ।

ਬੀਚ ਤੋਂ ਇਕ ਖ਼ੂਬਸੂਰਤ ਟਰੇਲ ਸਮੁੰਦਰ ਦੇ ਨਾਲ ਨਾਲ ਹੋਟਲ ਦੇ ਦੂਸਰੇ ਸਿਰੇ ਵੱਲ ਜਾਂਦੀ ਸੀ। ਇਕ ਦਿਨ ਉਸ 'ਤੇ ਜਾ ਕੇ ਵੀ ਕਾਫ਼ੀ ਲੰਮੀ ਸੈਰ ਕੀਤੀ। ਦੁਪਹਿਰੇ ਲੰਚ ਆਮ ਤੌਰ 'ਤੇ ਪੂਲ ਦੇ ਕੰਢੇ 'ਫੂਡ-ਸਟੇਸ਼ਨ' 'ਤੇ ਹੁੰਦਾ ਅਤੇ ਰਾਤ ਨੂੰ ਡਿਨਰ ਹੋਟਲ ਦੇ ਵੱਖ-ਵੱਖ ਰੈਸਟੋਰੈਂਟਾਂ ਦੇ ਡਾਈਨਿੰਗ-ਹਾਲਾਂ ਵਿਚ ਜਾ ਕੇ ਕਰਦੇ। ਇਕ ਰੈਸਟੋਰੈਂਟ ਵਿਚ ਡਿਨਰ ਕਰਨ ਗਏ ਤਾਂ ਉੱਥੇ ਸਾਡੇ ਸਾਹਮਣੇ ਹੀ ਸ਼ੈੱਫ ਨੇ ਹੌਟ-ਪਲੇਟ 'ਤੇ ਖ਼ੁਰਪੀ ਤੇ ਕੜਛੀ ਤਰੰਨਮ ਵਿਚ ਖੜਕਾ-ਖੜਕਾ ਕੇ ਫ਼ਰਾਈਡ-ਰਾਈਸ, ਚਿੱਕਨ, ਮੱਟਨ, ਪੋਰਕ, ਮਸ਼ਰੂਮਜ਼ ਅਤੇ ਮਿਕਸਡ-ਸਬਜ਼ੀਆਂ ਤਿਆਰ ਕੀਤੀਆਂ ਅਤੇ ਹਰੇਕ ਮੈਂਬਰ ਦੀ ਚੋਣ ਅਨੁਸਾਰ ਵੱਖ-ਵੱਖ ਪਲੇਟਾਂ ਵਿਚ ਪਾ ਦਿੱਤੀਆਂ। ਮੌਕੇ 'ਤੇ ਖਾਣਾ ਤਿਆਰ ਕਰਨ ਦਾ ਇਹ ਵੱਖਰਾ ਨਜ਼ਾਰਾ ਵੇਖਣ ਤੇ ਮਾਨਣ ਵਾਲਾ ਹੀ ਸੀ ਅਤੇ ਵਾਈਨ/ਵਿਸਕੀ ਦੇ ਪੈੱਗ ਤੋਂ ਬਾਅਦ ਇਹ ਹੋਰ ਵੀ ਸੁਆਦ ਲੱਗਦਾ ਸੀ। ਸਵੀਟ-ਡਿਸ਼ ਵਿਚ ਵੇਟਰ 'ਫ਼ਰਾਈਡ ਆਈਸ-ਕਰੀਮ' ਲੈ ਕੇ ਹਾਜ਼ਰ ਹੋ ਗਿਆ। ਇਕ ਰੈਸਟੋਰੈਂਟ ਵਿਚ ਨਾਨ-ਵੈੱਜ ਦੀਆਂ ਕਈ ਵਰਾਇਟੀਆਂ ਦੇ ਨਾਲੇ ਚਿੱਟੇ-ਛੋਲ, ਰਾਜਮਾਂਹ, ਮਟਰਾਂ ਵਾਲੇ ਚਾਵਲ ਅਤੇ ਦਾਲ-ਮੱਖਣੀ ਵੀ ਰੱਖੇ ਹੋਏ ਸਨ। ਵਾਪਸ ਆਉਣ ਤੋਂ ਇਕ ਦਿਨ ਪਹਿਲਾਂ ਅਸੀਂ ਕੈਂਕੂਨ ਤੋਂ 30 ਕੁ ਮੀਲ ਦੂਰ ਪੈਂਦਾ ਕਸਬੇ 'ਪਲਾਇਆ ਡੇਲ ਕਾਰਮਨ' (ਫਲਅੲ ਧੲਲ ਛਅਰੱੲਨ) ਵੇਖਣ ਦਾ ਮਨ ਬਣਾਇਆ। ਹੋਟਲ ਵਾਲਿਆ ਨੇ ਸਾਡੇ ਲਈ ਟੈਕਸੀ ਦਾ ਪ੍ਰਬੰਧ ਕਰ ਦਿੱਤਾ। ਭਾਵੇਂ ਇਸ ਦਾ ਕਿਰਾਇਆਂ ਅਸੀਂ ਆਪ ਹੀ ਦੇਣਾ ਸੀ ਪਰ ਸਾਡੇ ਲਈ ਇਹ 'ਸਹੂਲਤ' ਹੀ ਕਾਫ਼ੀ ਸੀ। ਟੈਕਸੀ ਵਿਚ ਸਵਾਰ ਹੋ ਕੇ ਜਦੋਂ ਹੋਟਲ ਦੇ ਮੇਨ ਗੇਟ ਵੱਲ ਜਾ ਰਹੇ ਸੀ ਤਾਂ ਰਸਤੇ ਵਿਚ ਡਰਾਈਵਰ ਨੇ ਇਕਦੰਮ ਬਰੇਕ ਮਾਰੀ। ਅੱਗੇ ਵੇਖਿਆ ਤਾਂ ਸੜਕ 'ਤੇ ਇਕ 'ਨਾਗ-ਦੇਵਤਾ' ਬੜੀ ਮੌਜ ਵਿਚ ਵਲ਼ ਖਾਂਦਾ ਮਚਕ-ਮਚਕ ਚੱਲਦਾ ਹੋਇਆ ਸੜਕ ਪਾਰ ਕਰ ਰਿਹਾ ਸੀ, ਜਿਵੇਂ ਮੌਤ ਦਾ ਉਸ ਨੂੰ ਜ਼ਰਾ ਵੀ ਕੋਈ ਡਰ/ਖ਼ੌਫ਼ ਨਾ ਹੋਵੇ। ਉਂਜ ਵੀ ਮੈਕਸੀਕਨ ਲੋਕ ਜੰਗਲੀ ਜਾਨਵਰਾਂ ਅਤੇ ਜੀਵ-ਜੰਤੂਆਂ ਦਾ ਬੜਾ ਖ਼ਿਆਲ ਰੱਖਦੇ ਹਨ। ਇਸ ਤੋਂ ਪਹਿਲਾਂ ਜਦੋਂ ਅਸੀਂ ਇਕ ਦਿਨ ਪੂਲ ਦੇ ਕੰਢੇ ਡਿੱਠੀਆਂ ਆਰਾਮ-ਕੁਰਸੀਆਂ 'ਤੇ ਆਰਾਮ ਫ਼ਰਮਾ ਰਹੇ ਸੀ ਤਾਂ ਇਕ 'ਇਗੂਆਨ' ਹਰੀਆਂ ਕਚੂਰ ਖ਼ੂਬਸੂਰਤ ਝਾੜੀਆਂ ਵਿੱਚੋਂ ਨਿਕਲ ਕੇ ਕੰਕਰੀਟ ਦੇ ਫ਼ਰਸ਼ 'ਤੇ ਰੀਂਗਦਾ ਹੋਇਆ ਸਾਡੇ ਵੱਲ ਆ ਗਿਆ ਸੀ ਜਿਸ ਨੂੰ ਵੇਖ ਕੇ ਸਾਡਾ ਇਕਦੰਮ ਤ੍ਰਭਣਾ ਕੁਦਰਤੀ ਸੀ ਪਰ ਨਾਲਦਿਆਂ ਨੇ ਦੱਸਿਆ ਕਿ ਇਹ ਬਿਲਕੁਲ ਖ਼ਤਰਨਾਕ ਨਹੀਂ ਹਨ।

ਅੱਧੇ ਘੰਟੇ ਵਿਚ ਅਸੀਂ 'ਪਲਾਇਆ ਡੇਲ ਕਾਰਮਨ' ਪਹੁੰਚ ਗਏ। ਇਹ ਕਸਬਾ ਵੀ ਸਮੁੰਦਰ ਦੇ ਕੰਢੇ ਵੱਸਿਆ ਹੋਇਆ ਹੈ। ਟੈਕਸੀ ਵਿੱਚੋਂ ਉੱਤਰ ਕੇ ਜਦੋਂ ਬੀਚ ਵੱਲ ਜਾ ਰਹੇ ਸੀ ਤਾਂ ਬਾਜ਼ਾਰ ਦੇ ਦੋਹੀਂ ਪਾਸੀਂ ਸਾਜ਼ੋ-ਸਮਾਨ ਨਾਲ ਸੱਜੀਆਂ ਹੋਈਆਂ ਛੋਟੀਆਂ-ਛੋਟੀਆਂ ਦੁਕਾਨਾਂ ਪੰਜਾਬ ਦੇ ਹੀ ਕਿਸੇ ਸ਼ਹਿਰ ਦਾ ਹੀ ਭੁਲੇਖਾ ਪਾ ਰਹੀਆਂ। ਮੁਨਿਆਰੀ ਵਾਲੀਆਂ, ਜੁੱਤੀਆਂ ਵਾਲੀਆਂ, ਬੱਚਿਆਂ ਦੇ ਖਿਡੌਣਿਆਂ ਵਾਲੀਆਂ ਅਤੇ ਵੱਖ-ਵੱਖ ਕਿਸਮ ਦੇ ਤੋਹਫ਼ਿਆਂ ਦੇ ਸਮਾਨ ਵਾਲੀਆਂ ਬੇਸ਼ੁਮਾਰ ਸਨ। ਟੂਰਿਸਟਾਂ ਦਾ ਧਿਆਨ ਖਿੱਚਣ ਲਈ ਦੁਕਾਨਾਂ ਦੇ ਬਾਹਰ ਬਹੁਤ ਹੀ ਆਕਰਸ਼ਕ ਢੰਗ ਨਾਲ ਮੇਜ਼ਾਂ ਉੱਪਰ ਟਿਕਾਈਆਂ ਹੋਈਆਂ ਸਨ ਅਤੇ ਕਈ ਉੱਪਰੋਂ ਹੇਠਾਂ ਨੂੰ ਲਟਕਾਈਆਂ ਵੀ ਹੋਈਆਂ ਸਨ। ਬੇਟੀ ਦੀ ਸਹਾਇਤਾ ਨਾਲ ਸ਼੍ਰੀਮਤੀ ਨੇ ਦੋ-ਤਿੰਨ ਪਰਸਾਂ ਦਾ ਭਾਅ ਪੁੱਛਿਆ। ਕੋਈ ਵੀ 1000-1200 'ਪੇਸੇ' (ਮੈਕਸੀਕਨ ਕਰੰਸੀ) ਤੋਂ ਘੱਟ ਨਹੀਂ ਸੀ ਜੋ 150 ਅਮਰੀਕੀ ਡਾਲਰਾਂ ਤੋਂ ਘੱਟ ਨਹੀਂ ਸੀ। ਰੰਗ-ਬਰੰਗੀਆਂ ਚੂੜੀਆਂ, ਕੰਨਾਂ ਦੀਆਂ ਵਾਲ਼ੀਆਂ (ਕਾਂਟੇ), ਗਲ਼ਾਂ ਦੀਆਂ ਗਾਨੀਆਂ, ਆਦਿ ਵੀ ਕਾਫ਼ੀ ਮਹਿੰਗੀਆਂ ਸਨ। ਪੰਜਾਬ ਵਾਂਗ ਇੱਥੇ ਵੀ 'ਬਾਰਗੇਨਿੰਗ' (ਭਅਰਗਅਨਿਨਿਗ) ਖ਼ੂਬ ਚੱਲਦੀ ਸੀ। ਬੇਟੀ ਨੇ ਕੁਝ ਈਅਰ-ਰਿੰਗਜ਼, ਚੇਨਾਂ, ਵਗ਼ੈਰਾ ਸਿਲੈੱਕਟ ਕੀਤੀਆਂ ਜਿਨ੍ਹਾਂ ਦੀ ਕੀਮਤ 900 'ਪੇਸੋ' ਬਣੀ। ਇਹ ਚੀਜ਼ਾਂ ਕਾਫ਼ੀ ਮਹਿੰਗੀਆਂ ਹੋਣਾ ਕਹਿ ਕੇ ਜਦੋਂ ਅਸੀਂ ਉਸ ਦੁਕਾਨ ਤੋਂ ਅੱਗੇ ਜਾਣ ਲੱਗੇ ਤਾਂ ਦੁਕਾਨਦਾਰ ਸਾਨੂੰ ਪਿੱਛੋਂ ਵਾਜ ਮਾਰ ਕੇ 800, 700 ਤੋਂ ਘੱਟਦਾ ਹੋਇਆ ਅਖ਼ੀਰ 550 ਪੇਸੇ 'ਤੇ ਆ ਗਿਆ ਅਤੇ ਫਿਰ ਮੈਕਸੀਕੋ ਦੀ ਨਿਸ਼ਾਨੀ ਵਜੋਂ ਬੇਟੀ ਨੇ ਉਹ ਲੈ ਹੀ ਲਈਆਂ। ਮੈਨੂੰ ਇਹ ਸੱਭ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਸਾਹਮਣੇ ਵਾਲੇ 'ਝੂਠੇ ਬਾਜ਼ਾਰ' ਵਾਂਗ ਹੀ ਲੱਗਿਆ।


ਬਾਜ਼ਾਰ ਵਿਚ ਚੱਲਦਿਆਂ ਅੱਗੇ ਵੱਧਦੇ ਹੋਏ ਬੀਚ ਵੱਲ ਗਏ। ਇੱਥੇ ਟੂਰਿਸਟਾਂ ਦੀ ਕਾਫ਼ੀ ਰੌਣਕ ਸੀ। ਕਈ ਬੋਟਾਂ ਉੱਪਰ ਸਮੁੰਦਰ ਦੀ ਸੈਰ ਕਰ ਰਹੇ ਸਨ। ਕਈ ਕਈ ਆਰਾਮ-ਕੁਰਸੀਆਂ 'ਤੇ ਬੈਠੇ ਸਮੁੰਦਰੀ ਛੱਲਾਂ ਵੱਲ ਟਿਕਟਿਕੀ ਲਗਾਈ ਬੈਠੇ ਸਨ ਅਤੇ ਕਈ ਪਾਣੀ ਵਿਚ ਤਾਰੀਆਂ ਵੀ ਲਗਾ ਰਹੇ ਸਨ। ਅੱਧਾ ਕੁ ਘੰਟਾ ਉੱਥੇ ਘੁੰਮ ਕੇ ਇਕ ਰੇਹੜੀ ਵਾਲੇ ਤੋਂ ਕੱਚੇ ਨਾਰੀਅਲਾਂ (ਛੋਚੋਨੁਟਸ) ਦਾ ਪਾਣੀ ਪੀਤਾ। ਥੋੜ੍ਹਾ ਜਿਹਾ ਹੋਰ ਘੁੰਮ-ਘੁਮਾਅ ਕੇ ਇਕ ਰੈਸਟੋਰੈਂਟ ਵਿੱਚੋਂ ਮੈਕਸੀਕਨ ਖਾਣਾ ਖਾਧਾ। ਰੈਸਟੋਰੈਟ ਵਿਚ ਸਰਵ ਕਰ ਰਹੀ ਲੜਕੀ ਨੇ ਸਾਡੇ ਸਾਹਮਣੇ ਪੱਥਰ ਦੇ 'ਕੂੰਡੇ-ਡੰਡੇ', ਤਿੰਨ-ਚਾਰ ਐਵੋਕੈਡੋ ਕੱਟ ਕੇ ਉਸ ਵਿਚ ਲੋੜੀਂਦੇ ਮਸਾਲੇ ਤੇ ਹੋਰ ਸਮਾਨ ਪਾ ਕੇ ਗਲੂਕੋਮੈਲੀ ਤਿਆਰ ਕੀਤੀ ਜਿਸ ਦਾ ਆਪਣਾ ਹੀ ਸੁਆਦ ਅਤੇ ਮਜ਼ਾ ਸੀ। ਖਾਣਾ ਖਾ ਕੇ ਟੈਕਸੀ ਲਈ ਅਤੇ ਹੋਟਲ ਨੂੰ ਵਾਪਸੀ ਦੇ ਚਾਲੇ ਪਾ ਦਿੱਤੇ।

ਅਗਲੇ ਦਿਨ ਸਵੇਰੇ ਹੋਟਲ ਦੇ 'ਮਾਇਆ ਮਾਰਕੀਟ' ਨੇੜਲੇ ਰੈਸਟੋਰੈਂਟ ਵਿਚ ਨਾਸ਼ਤਾ ਕਰਕੇ ਇਸ ਮਾਰਕੀਟ ਵਿੱਚੋਂ ਬੱਚਿਆਂ ਨੇ ਇਸ ਮਾਰਕੀਟ ਵਿੱਚੋਂ ਮਾਇਆ ਸੱਭਿਅਤਾ ਨਾਲ ਸਬੰਧਿਤ ਕੁਝ ਚੀਜ਼ਾਂ-ਵਸਤਾਂ ਯਾਦਗ਼ਾਰੀ ਚਿੰਨ੍ਹਾਂ ਵਜੋਂ ਖ਼੍ਰੀਦੀਆਂ। ਬਾਅਦ-ਦੁਪਹਿਰ 2.30 ਵਜੇ ਸਾਡੀਂ ਹੂਸਟਨ ਲਈ ਫ਼ਲਾਈਟ ਸੀ ਅਤੇ ਹੋਟਲ ਵਾਲਿਆਂ ਨੇ ਸਾਨੂੰ ਸਵੇਰੇ 10.30 ਵਜੇ ਤਿਆਰ ਰਹਿਣ ਲਈ ਕਿਹਾ ਸੀ। ਫ਼ਲ਼ਾਈਟ ਸਮੇਂ ਸਿਰ ਹੀ ਸੀ ਅਤੇ ਇਹ ਲੈ ਕੇ ਅਸੀਂ ਸ਼ਾਮ ਦੇ ਪੰਜ ਵਜੇ ਹੂਸਟਨ ਪਹੁੰਚ ਗਏ ਜਿੱਥੋਂ ਆਪਣੀ ਗੱਡੀ 'ਤੇ ਸਵਾਰ ਹੋ ਕੇ ਰਾਤ ਦੇ ਸਾਢੇ ਨੌਂ ਘਰ ਪਹੁੰਚੇ। ਇਸ ਤਰ੍ਹਾਂ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਇਕ ਹੋਰ ਦੋਸਤ ਪਰਿਵਾਰ ਦੇ ਮੈਂਬਰਾਂ ਨਾਲ ਮਿਲ਼ ਕੇ ਮੈਕਸੀਕੋ ਦੇ ਇਸ ਸ਼ਹਿਰ ਕੈਂਕੂਨ ਦਾ ਲਗਾਇਆ ਇਹ ਟੂਰ ਸਾਡੇ ਸਾਰਿਆਂ ਲਈ ਯਾਦਗਾਰੀ ਹੋ ਨਿੱਬੜਿਆ।

# ਪੰਜਾਬੀ ਖੇਡ ਸਾਹਿਤ ਦੀ ਨਵੀਂ ਪੁਸਤਕ 'ਖੇਡ ਸਾਹਿਤ ਦੇ ਮੋਤੀ'

ਪ੍ਰਿੰ. ਸਰਵਣ ਸਿੰਘ ਦੀ ਇਹ ਪੁਸਤਕ 'ਪੰਜਾਬੀ ਖੇਡ ਸਾਹਿਤ' ਲੜੀ ਦਾ ਤੀਜਾ ਭਾਗ ਹੈ। ਪਹਿਲੇ ਭਾਗ ਦਾ ਨਾਂ 'ਸ਼ਬਦਾਂ ਦੇ ਖਿਡਾਰੀ' ਸੀ, ਦੂਜੇ ਦਾ 'ਖੇਡ ਸਾਹਿਤ ਦੀਆਂ ਬਾਤਾਂ'। ਪਹਿਲੇ ਭਾਗ ਵਿੱਚ 24 ਖੇਡ ਲੇਖਕਾਂ ਤੇ ਉਨ੍ਹਾਂ ਦੀਆਂ ਲਿਖਤਾਂ ਦਾ ਜ਼ਿਕਰ ਸੀ, ਦੂਜੇ ਵਿੱਚ 28 ਲੇਖਕਾਂ ਦਾ। ਇਸ ਭਾਗ ਵਿੱਚ 24 ਲੇਖਕਾਂ ਤੇ ਉਨ੍ਹਾਂ ਦੀਆਂ ਖੇਡ ਲਿਖਤਾਂ ਦਾ ਵੇਰਵਾ ਹੈ। ਉਮੀਦ ਹੈ ਚੌਥਾ ਭਾਗ ਵੀ ਛੇਤੀ ਛਪੇਗਾ। ਪੇਸ਼ ਹੈ 'ਖੇਡ ਸਾਹਿਤ ਦੇ ਮੋਤੀਆਂ' ਦੀ ਝਲਕ: ਓਮ ਪ੍ਰਕਾਸ਼ ਗਾਸੋ ਨੱਬਿਆਂ ਨੂੰ ਢੁੱਕਾ ਸਰਗਰਮ ਲੇਖਕ ਹੈ। ਸਕੂਲ 'ਚ ਉਹ ਪੀਟੀ ਮਾਸਟਰ ਹੁੰਦਾ ਸੀ ਤੇ ਕਾਲਜ ਵਿੱਚ ਪੰਜਾਬੀ ਦਾ ਪ੍ਰੋਫ਼ੈਸਰ। ਉਹ ਹਰਫਨਮੌਲਾ ਲੇਖਕ ਹੈ ਜੋ ਖੇਡ ਪੁਸਤਕਾਂ ਦੀਆਂ ਅਨੇਕਾਂ ਭੂਮਿਕਾਵਾਂ ਲਿਖ ਚੁੱਕੈ। ਸਿੱਧੂ ਦਮਦਮੀ ਪੰਜਾਬੀ ਮੀਡੀਏ ਦਾ ਸਿਕੰਦਰ ਹੈ। ਉਹ 'ਪੰਜਾਬੀ ਟ੍ਰਿਬਿਊਨ' ਦਾ ਐਡੀਟਰ ਸੀ ਜਿਸ ਨੇ 'ਸਤਰਾਂ ਤੇ ਸੈਨਤਾਂ' ਕਾਲਮ ਸਣੇ 'ਸਾਹਿਬਾਂ ਦੀ ਦੁਚਿੱਤੀ', 'ਗੁਆਚੀ ਗੱਲ' ਤੇ 'ਖ਼ਬਰ ਖ਼ਤਮ' ਪੁਸਤਕਾਂ ਲਿਖੀਆਂ। ਗੁਰਭਜਨ ਗਿੱਲ ਦਾ ਜੁੱਸਾ ਕਬੱਡੀ ਖਿਡਾਰੀਆਂ ਵਰਗਾ ਸੀ ਪਰ ਹੈ ਉਹ ਸ਼ਬਦਾਂ ਦਾ ਖਿਡਾਰੀ। ਕਲਾਕਾਰਾਂ ਦਾ ਕਲਾਕਾਰ, ਕਵੀਆਂ ਦਾ ਕਵੀ ਤੇ ਮੇਲਿਆਂ ਦਾ ਮੇਲੀ। ਰਹਿੰਦਾ ਲੁਧਿਆਣੇ ਹੈ, ਧਮਕ ਲਾਹੌਰ, ਲੰਡਨ ਤੇ ਲਾਸ ਏਂਜਲਸ ਤਕ ਪੈਂਦੀ ਐ। ਰਾਜਦੀਪ ਸਿੰਘ ਗਿੱਲ ਨੂੰ ਪੰਜਾਬ ਪੁਲਿਸ ਦੇ ਡੀਜੀਪੀ ਵਜੋਂ ਘੱਟ, ਖਿਡਾਰੀਆਂ ਦੇ ਮਸੀਹੇ ਵਜੋਂ ਵੱਧ ਜਾਣਿਆ ਜਾਂਦਾ ਹੈ। ਉਹ ਸਾਲਾਂ-ਬੱਧੀ ਖੇਡਾਂ ਖਿਡਾਰੀਆਂ ਦਾ ਰਹਿਬਰ ਰਿਹਾ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਖੋਜ ਅਖਾੜੇ ਦਾ ਰੁਸਤਮ ਹੈ। ਪੰਜਾਬੀ ਖੇਡ ਸਾਹਿਤ ਦੀ ਪਹਿਲੀ ਪੀਐੱਚਡੀ ਕਰਨ ਵਾਲੇ ਡਾ. ਸੁਖਦਰਸ਼ਨ ਚਹਿਲ ਦਾ ਉਹ ਮੁੱਢਲਾ ਗਾਈਡ ਸੀ। ਮਾਨ ਮਰਾੜ੍ਹਾਂ ਵਾਲੇ ਦਾ ਗੀਤ 'ਜਿਥੇ ਗਏ ਪੰਜਾਬੀ ਲੈ ਗਏ ਨਾਲ ਕਬੱਡੀ ਨੂੰ' ਬੇਹੱਦ ਮਕਬੂਲ ਹੋਇਆ ਜਿਸ ਨੂੰ ਲੱਖਾਂ ਲੋਕਾਂ ਨੇ ਸੁਣਿਆਂ।

ਉਹਦੇ ਲਿਖੇ ਤੇ ਸੁਖਵਿੰਦਰ ਦੇ ਗਾਏ ਗੀਤ ਦਾ ਮੁਖੜਾ ਹੈ: ਜਿਥੇ ਗਏ ਪੰਜਾਬੀ ਲੈ ਗਏ ਨਾਲ ਕਬੱਡੀ ਨੂੰ, ਜੁਗਾਂ ਜੁਗਾਂ ਤੋਂ ਕਰਨ ਪੰਜਾਬੀ ਪਿਆਰ ਕਬੱਡੀ ਨੂੰ...। ਬ੍ਰਿਗੇਡੀਅਰ ਲਾਭ ਸਿੰਘ ਓਲੰਪੀਅਨ ਸੰਦੌੜ ਦੇ ਟਿੱਬਿਆਂ ਦਾ ਹੀਰਾ ਹਿਰਨ ਹੈ ਜਿਸ ਨੇ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ ਸੀ। ਉਸ ਦੀ ਸਵੈਜੀਵਨੀ ਬੜੀ ਦਿਲਚਸਪ ਹੈ। ਪਿਆਰਾ ਸਿੰਘ ਰਛੀਨ 'ਮੱਲ ਦੀਆਂ ਗੱਲਾਂ' ਵਾਲੇ ਪ੍ਰੋ. ਕਰਮ ਸਿੰਘ ਦਾ ਮੁਰੀਦ ਸੀ। ਉਸ ਨੂੰ ਕੁਸ਼ਤੀ ਅਖਾੜਿਆਂ ਦਾ ਰੁਸਤਮ ਲੇਖਕ ਕਿਹਾ ਜਾ ਸਕਦੈ। ਸੋਹਣ ਸਿੰਘ ਚੀਮੇ ਨੇ ਸਚਿੱਤਰ ਪੁਸਤਕ 'ਖੇਡ ਮੈਦਾਨ 'ਚ ਅੱਧੀ ਸਦੀ' ਲਿਖੀ ਜਿਸ ਵਿੱਚ ਕਬੱਡੀ ਦਾ ਅੱਖੀਂ ਡਿੱਠਾ ਇਤਿਹਾਸ ਦਰਜ ਕੀਤਾ। ਕਰਨਲ ਬਲਬੀਰ ਸਿੰਘ ਨੂੰ ਗੋਡੇ ਦੀ ਸੱਟ ਲੈ ਬੈਠੀ, ਨਹੀਂ ਤਾਂ ਇੱਕ ਦੀ ਥਾਂ ਤਿੰਨ ਓਲੰਪਿਕਸ ਖੇਡਦਾ। ਉਸ ਦੀ ਸਵੈਜੀਵਨੀ 'ਸੰਸਾਰਪੁਰ ਤੋਂ ਲੰਡਨ' ਹੈ। ਅਮਰ 'ਸੂਫ਼ੀ' ਨੇ ਖੇਡਾਂ ਖਿਡਾਰੀਆਂ ਬਾਰੇ ਦੋਹੇ ਤੇ ਬੈਂਤ ਲਿਖੇ ਹਨ। ਕ੍ਰਿਕਟ ਕੋਚ ਰਾਜਿੰਦਰ ਸਿੰਘ ਨੱਬਿਆਂ ਨੂੰ ਢੁੱਕਿਆ




ਖੇਡ ਲੇਖਕ ਹੈ। ਉਸ ਦੇ ਸੈਂਕੜੇ ਆਰਟੀਕਲ ਛਪੇ ਹਨ ਤੇ ਅੱਧੀ ਦਰਜਨ ਖੇਡ ਪੁਸਤਕਾਂ। ਸੰਸਾਰਪੁਰ ਦੇ ਜੰਮਪਲ ਪ੍ਰੋ. ਪੋਪਿੰਦਰ ਸਿੰਘ ਕੁਲਾਰ ਦੀ ਪੁਸਤਕ 'ਹਾਕੀ ਦਾ ਘਰ ਸੰਸਾਰਪੁਰ' ਉਹਦੇ ਪੀਐੱਚਡੀ ਦੇ ਖੋਜ ਪ੍ਰਬੰਧ ਉਤੇ ਆਧਾਰਿਤ ਹੈ। ਦੁਨੀਆ ਦਾ ਕੋਈ ਹੋਰ ਪਿੰਡ ਨਹੀਂ ਜਿਥੇ 14 ਓਲੰਪੀਅਨ ਖਿਡਾਰੀਆਂ ਦੇ ਘਰ ਇਕੋ ਬੀਹੀ ਵਿੱਚ ਹੋਣ। ਸਰਕਾਰ ਨੂੰ ਇਹ ਬੀਹੀ 'ਖੇਡ ਵਿਰਾਸਤ' ਵਜੋਂ ਸੰਭਾਲਣੀ ਚਾਹੀਦੀ ਹੈ। ਮਾਹਿਲਪੁਰ ਨੂੰ ਫੁੱਟਬਾਲ ਦਾ ਘਰ ਬਣਾਉਣ ਵਿੱਚ ਵੱਡਾ ਯੋਗਦਾਨ ਸ੍ਰੀ ਗੁਰੂ ਗੋਬਿੰਦ ਖ਼ਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਹਰਭਜਨ ਸਿੰਘ ਦਾ ਹੈ ਜਿਨ੍ਹਾਂ ਬਾਰੇ ਪ੍ਰੋ. ਅਜੀਤ ਸਿੰਘ ਲੰਗੇਰੀ ਨੇ ਪੁਸਤਕ ਲਿਖੀ। ਇਕਬਾਲ ਸਿੰਘ ਸਰੋਆ ਨੇ ਹਾਕੀ ਦੇ ਪੁਰਾਣੇ ਖਿਡਾਰੀਆਂ ਬਾਰੇ ਪੁਸਤਕ ਲਿਖੀ 'ਹਾਕੀ ਦੇ ਸੁਲਤਾਨ'। ਉਸ ਵਿੱਚ ਵੀਹ ਓਲੰਪੀਅਨਾਂ ਦੇ ਸ਼ਬਦ ਚਿੱਤਰ ਹਨ। ਕਹਾਣੀਕਾਰ ਗੁਰਮੀਤ ਕੜਿਆਲਵੀ ਖੇਡ ਸ਼ੈਲੀ ਦਾ ਵੀ ਚੈਂਪੀਅਨ ਹੈ। ਸ਼ਬਦਾਂ ਦੇ ਪਾਸ ਤੇ ਵਾਕਾਂ ਦੇ ਪੈਨਲਟੀ ਕਾਰਨਰ ਲਾਉਣ ਦਾ 'ਗੋਲ ਕਿੰਗ'! ਗੁਰਮੀਤ ਪਲਾਹੀ ਹਾਕੀ ਬੱਲੇ ਦਾ ਨਹੀਂ, ਕਲਮ ਦਾ ਖਿਡਾਰੀ ਹੈ। ਸੈਂਕੜੇ ਲੇਖ ਲਿਖੇ ਅਤੇ ਹਜ਼ਾਰਾਂ ਰੁੱਖ ਬੂਟੇ ਲਾਏ ਤੇ ਲੁਆਏ ਹਨ। ਅਮਰੀਕ ਸਿੰਘ ਭਾਗੋਵਾਲੀਏ ਨੇ ਸ਼ੌਂਕ-ਸ਼ੌਂਕ ਵਿੱਚ ਘੋੜਿਆਂ ਤੇ ਬਲਦਾਂ ਦੇ ਸ਼ੌਂਕੀਆਂ ਬਾਰੇ ਚਾਰ ਪੁਸਤਕਾਂ ਛਪਵਾਈਆਂ ਜਿਨ੍ਹਾਂ 'ਚੋਂ 'ਸਰਦਾਰਾਂ ਦੇ ਘੋੜੇ' ਕੌਫ਼ੀ ਟੇਬਲ ਬੁੱਕ ਹੈ। ਮਹਿੰਦਰ ਸਿੰਘ ਚਕਰ ਦੇ ਦੋ ਨਾਵਲ 'ਕੱਲਰ ਦੇ ਕੰਵਲ' ਤੇ 'ਸੂਰਾ ਸੋ ਪਹਿਚਾਨੀਏ' ਛਪੇ ਸਨ। ਜੇ ਏਕੇ ਸੰਤਾਲੀ ਨਾਲ ਅਨਿਆਈ ਮੌਤੇ ਨਾ ਮਾਰਿਆ ਜਾਂਦਾ ਤਾਂ ਆਪਣੀ ਪੋਤੀ 'ਸਿਮਰ ਚਕਰ' ਨੂੰ ਓਲੰਪੀਅਨ ਮੁੱਕੇਬਾਜ਼ ਬਣੀ ਵੇਖਦਾ ਅਤੇ 13 ਨਵੰਬਰ 2021 ਨੂੰ ਅਰਜਨਾ ਅਵਾਰਡ ਲੈਣ ਲਈ ਉਹਦੇ ਨਾਲ ਰਾਸ਼ਟਰਪਤੀ ਭਵਨ ਜਾਂਦਾ। ਸਤਵਿੰਦਰ ਸੁਹੇਲਾ ਅਲਬੇਲਾ ਖੇਡ ਲੇਖਕ ਸੀ। ਉਸ ਨੇ ਬਲਵਿੰਦਰ ਫਿੱਡੇ ਬਾਰੇ ਰੰਗੀਨ ਪੁਸਤਕ ਛਾਪੀ। ਫਿਰ ਉਹ ਪੰਜਾਹ ਸਾਲ ਦੀ ਉਮਰੇ ਆਪਣੀ ਪਤਨੀ ਨੂੰ ਗੋਲੀ ਮਾਰ ਕੇ ਆਪ ਵੀ ਖੂਹ 'ਚ ਛਾਲ ਮਾਰ ਗਿਆ। ਸਚਿੱਤਰ ਪੁਸਤਕ 'ਸਮਾਲਸਰ ਮੇਰਾ ਪਿੰਡ' ਬੀਬੀ ਜੱਗੀ ਬਰਾੜ ਵੱਲੋਂ ਆਪਣੇ ਬਾਬਲ ਪਿੰਡ ਨੂੰ ਭੇਟ ਕੀਤਾ ਅਨਮੋਲ ਤੋਹਫ਼ਾ ਹੈ। ਰਵਿੰਦਰ ਚੋਟ ਖੇਡਾਂ-ਖਿਡਾਰੀਆਂ ਦੇ ਮਨੋਵਿਗਿਆਨ ਬਾਰੇ ਲਿਖਣ ਵਾਲਾ ਖੇਡ ਲੇਖਕ ਹੈ। ਜਗਦੇਵ ਬਰਾੜ ਦੀ ਰੀਝ ਪਹਿਲਵਾਨ ਜਾਂ ਕਬੱਡੀ ਦਾ ਤਕੜਾ ਖਿਡਾਰੀ ਬਣਨ ਦੀ ਸੀ ਜੋ ਪੂਰੀ ਨਾ ਹੋ ਸਕੀ। ਉਸੇ ਰੀਝ ਨੂੰ ਪੂਰੀ ਕਰਨ ਲਈ ਉਹ ਖੇਡ ਲੇਖਕ ਬਣ ਗਿਆ। ਅਮਰਿੰਦਰ ਗਿੱਦਾ ਦੀ ਪੁਸਤਕ 'ਭਾਰਤੀ ਹਾਕੀ ਦੇ ਨਾਬਰ' ਪੜ੍ਹ ਕੇ ਮੈਂ ਉਹਦਾ ਨਾਂ ਹੀ 'ਅਮਰਿੰਦਰ ਨਾਬਰ' ਰੱਖ ਲਿਆ। ਇਸ ਪੁਸਤਕ ਵਿੱਚ ਉਸ ਨੇ ਹਾਕੀ ਦੇ ਨਾਬਰ ਖਿਡਾਰੀਆਂ ਤੇ ਨਾਬਰ ਕੋਚਾਂ ਦੀਆਂ ਬਾਤਾਂ ਪਾਈਆਂ ਜਿਵੇਂ ਉਹ ਵੀ ਦੁੱਲੇ ਭੱਟੀ ਹੋਣ!

ਇਹ ਪੁਸਤਕ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਛਾਪੀ ਹੈ ਜਿਨ੍ਹਾਂ ਦੇ ਫੋਨ 92090-00001, 99151-03490, 98152-43917 ਹਨ।



# ਨਾਜਾਇਜ਼ ਬੱਸਾਂ ਰੋਕਣ ਲਈ ਚੈਕਿੰਗ ਮੁਹਿੰਮ ਵਿੱਢਣ ਦੀ ਹਦਾਇਤ, ਸਮੂਹ ਛੋਟੇ-ਵੱਡੇ ਬੱਸ ਆਪ੍ਰੇਟਰਾਂ ਨੂੰ ਟਾਈਮ ਟੇਬਲ ਵਿੱਚ ਤਰਕਸੰਗਤ ਸਮਾਂ ਦੇਣ ਦੇ ਨਿਰਦੇਸ਼

ਚੰਡੀਗੜ, 29 ਮਾਰਚ (ਗਿਆਨ ਸਿੰਘ) ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਰਿਜਨਲ ਟਰਾਂਸਪੋਰਟ ਅਥਾਰਿਟੀਜ਼ (ਆਰ.ਟੀ.ਏ.) ਦੇ ਸਮੂਹ ਸਕੱਤਰਾਂ ਨਾਲ ਹੰਗਾਮੀ ਮੀਟਿੰਗ ਕਰਦਿਆਂ ਸੂਬੇ ਵਿੱਚ ਨਾਜਾਇਜ਼ ਚਲ ਰਹੀਆਂ ਬੱਸਾਂ ਨੂੰ ਰੋਕਣ ਸਬੰਧੀ ਚੈਕਿੰਗ ਮੁਹਿੰਮ ਵਿੱਢਣ ਦੀ ਹਦਾਇਤ ਦਿੱਤੀ। ਉਨਾਂ ਕਿਹਾ ਕਿ ਜਿੱਥੇ ਡਿਫਾਲਟਰ ਅਤੇ ਨਾਜਾਇਜ਼ ਚਲਦੀਆਂ ਬੱਸਾਂ ਵਿਰੁੱਧ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ, ਉਥੇ ਸਮੂਹ ਛੋਟੇ-ਵੱਡੇ ਬੱਸ ਆਪ੍ਰੇਟਰਾਂ ਨੂੰ ਟਾਈਮ ਟੇਬਲ ਵਿੱਚ ਤਰਕਸੰਗਤ ਤੇ ਢੁਕਵਾਂ ਸਮਾਂ ਦਿੱਤਾ ਜਾਵੇ ਅਤੇ ਟਾਈਮ ਟੇਬਲ ਵਿੱਚ ਕਿਸੇ ਨਾਲ ਵਿਤਕਰਾ ਨਾ ਕੀਤਾ ਜਾਵੇ।



ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਦਫਤਰ ਵਿਖੇ ਮੀਟਿੰਗ ਦੌਰਾਨ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਸਮੂਹ ਸਕੱਤਰਾਂ ਨੂੰ ਹਦਾਇਤ ਕੀਤੀ ਕਿ ਬੱਸਾਂ ਦੇ ਨਾਜਾਇਜ਼ ਆਪ੍ਰੇਸ਼ਨ ਨੂੰ ਰੋਕਣ ਸਬੰਧੀ ਸਕੱਤਰ ਆਰ.ਟੀ.ਏ., ਪੰਜਾਬ ਰੋਡਵੇਜ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਚੈਕਿੰਗ ਮੁਹਿੰਮ ਵਿੱਢਣਗੇ। ਉਨਾਂ ਕਿਹਾ ਕਿ ਪੰਜਾਬ ਰੋਡਵੇਜ ਦੇ ਅਧਿਕਾਰੀ ਇਹ ਵੀ ਯਕੀਨੀ ਬਣਾਉਣਗੇ ਕਿ ਬੱਸ ਅੱਡੇ ਤੋਂ ਕੋਈ ਵੀ ਨਾਜਾਇਜ ਬੱਸ ਨਹੀਂ ਚੱਲੇਗੀ। ਜੇ ਕੋਈ ਅਜਿਹੀ ਬੱਸ ਚਲਦੀ ਪਾਈ ਜਾਂਦੀ ਹੈ ਤਾਂ ਉਸ ਬਾਰੇ ਤੁਰੰਤ ਸਬੰਧਤ ਆਰ.ਟੀ.ਏ. ਨੂੰ ਸੂਚਿਤ ਕੀਤਾ ਜਾਵੇ।

ਬੱਸ ਅੱਡਿਆਂ ਤੋਂ ਬਾਹਰ ਨਾਜਾਇਜ਼ ਚਲ ਰਹੀਆਂ ਕਨਟ੍ਰੈਕਟ ਕੈਰਿਜ ਬੱਸਾਂ ਅਤੇ ਦੂਜੀਆਂ ਬੱਸਾਂ ਵਿਰੁੱਧ ਕਾਰਵਾਈ ਯਕੀਨੀ ਬਣਾਉਣ ਦੇ ਸਖ਼ਤ ਆਦੇਸ਼ ਦਿੰਦਿਆਂ ਸ. ਭੁੱਲਰ ਨੇ ਕਿਹਾ ਕਿ ਇਸ ਤੋਂ ਇਲਾਵਾ ਨਿਯਮਾਂ ਦੀ ਉਲੰਘਣਾ ਕਰ ਰਹੀਆਂ ਸਕੂਲੀ ਬੱਸਾਂ ਦੇ ਆਪ੍ਰੇਟਰਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਸੇਫ਼ ਸਕੂਲ ਵਾਹਨ ਸਕੀਮ ਵਿੱਚ ਦਰਸਾਏ ਉਪਬੰਧਾਂ ਨੂੰ ਹੂਬਹੂ ਲਾਗੂ ਕੀਤਾ ਜਾਵੇ।

ਟਾਈਮ ਟੇਬਲ ਵਿੱਚ ਸਭ ਨੂੰ ਢੁਕਵਾਂ ਸਮਾਂ ਦੇਣ ਦੀ ਗੱਲ ਕਰਦਿਆਂ ਟਰਾਂਸਪੋਰਟ ਮੰਤਰੀ ਨੇ ਨਿਰਦੇਸ ਦਿੱਤੇ, "ਭਾਵੇਂ ਕੋਈ ਵੱਡਾ ਬੱਸ ਆਪ੍ਰੇਟਰ ਹੈ ਜਾਂ ਛੋਟਾ, ਸਾਰਿਆਂ ਨੂੰ ਟਾਈਮ ਟੇਬਲ ਵਿੱਚ ਤਰਕਸੰਗਤ ਤੇ ਢੁਕਵਾਂ ਸਮਾਂ ਦਿੱਤਾ ਜਾਵੇ।" ਉਨਾਂ ਕਿਹਾ ਕਿ ਟਾਈਮ ਟੇਬਲ ਲਾਗੂ ਕਰਨ ਸਮੇਂ ਕਿਸੇ ਵੀ ਕਿਸਮ ਦਾ ਵਿਤਕਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਟਰਾਂਸਪੋਰਟ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਵਿਭਾਗ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਪਬਲਿਕ ਦੇ ਹਿੱਤਾਂ ਲਈ ਮਿਹਨਤ ਤੇ ਲਗਨ ਨਾਲ ਕੰਮ ਕੀਤਾ ਜਾਵੇ। ਉਨਾਂ ਕਿਹਾ ਕਿ ਅਧਿਕਾਰੀ ਆਪਸ ਵਿੱਚ ਤਾਲਮੇਲ ਰੱਖਣ ਅਤੇ ਦਫਤਰੀ ਸਮੇਂ ਦੌਰਾਨ ਦਫਤਰ ਵਿੱਚ ਹਾਜ਼ਰ ਰਹਿ ਕੇ ਪਬਲਿਕ ਦੇ ਕੰਮਾਂ ਦਾ ਸਮੇਂ ਸਿਰ ਨਿਪਟਾਰਾ ਕਰਨਾ ਯਕੀਨੀ ਬਣਾਉਣ।

ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ ਟਰਾਂਸਪੋਰਟ ਸ੍ਰੀ ਕੇ. ਸਿਵਾ ਪ੍ਰਸਾਦ, ਸਟੇਟ ਟਰਾਂਸਪੋਰਟ ਕਮਿਸਨਰ ਸ੍ਰੀ ਵਿਮਲ ਕੁਮਾਰ ਸੇਤੀਆ, ਵਧੀਕ ਸਟੇਟ ਟਰਾਂਸਪੋਰਟ ਕਮਿਸਨਰ ਸ੍ਰੀ ਅਮਰਬੀਰ ਸਿੰਘ ਸਿੱਧੂ, ਡਾਇਰੈਕਟਰ ਸਟੇਟ ਟਰਾਂਸਪੋਰਟ ਸ੍ਰੀਮਤੀ ਅਮਨਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਪਟਿਆਲਾ ਪਵਨਦੀਪ ਕੌਰ ਸਣੇ ਸਮੂਹ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਅਤੇ ਪੰਜਾਬ ਰੋਡਵੇਜ ਦੇ ਅਧਿਕਾਰੀ ਮੌਜੂਦ ਸਨ।

## ਪੰਜਾਬ ਸਰਕਾਰ ਵੱਲੋਂ ਬਿਜਲੀ ਸਮਝੌਤੇ ਰੱਦ ਕਰਨ ਦੀ ਪੜਚੋਲ ਜਾਰੀ

ਪਟਿਆਲਾ, 29 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਸਾਫ ਕਿਹਾ ਹੈ ਕਿ ਹਰ ਵਾਰ ਗਰਮੀ ਦੇ ਮੌਸਮ ਵਿੱਚ ਬਿਜਲੀ ਦੀ ਸਮੱਸਿਆ ਹੁੰਦੀ ਹੈ ਤੇ ਇਸ ਵਾਰ ਵੀ ਕੁਝ ਦਿੱਕਤਾਂ ਹਨ।

ਇਸ ਸਬੰਧ ਵਿੱਚ ਕੱਲ੍ਹ ਪਾਵਰਕਾਮ ਮੁੱਖ ਦਫਤਰ ਵਿੱਚ ਅਧਿਕਾਰੀਆਂ ਨਾਲ ਚਰਚਾ ਦੌਰਾਨ ਕੋਲੇ ਦੀ ਘਾਟ ਬਾਰੇ ਮੰਤਰੀ ਨੇ ਕਿਹਾ ਕਿ ਇਸ ਨੂੰ ਹੱਲ ਕਰਨ ਲਈ ਅਧਿਕਾਰੀਆਂ ਦੀ ਡਿਊਟੀ ਲਾਈ ਗਈ ਹੈ।ਬਿਜਲੀ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਕੀਤਾ ਬਿਜਲੀ ਦੇ 300 ਯੂਨਿਟ ਮਫਤਕਰਨ ਦਾ ਵਾਅਦਾ ਜਲਦੀ ਪੂਰਾ ਕੀਤਾ ਜਾਵੇਗਾ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਬਿਜਲੀ ਕਿੰਨੀ ਵੀ ਮਹਿੰਗੀ ਹੋਵੇ, ਇਸ ਗਰਮੀ ਦੇ ਮੌਸਮ ਵਿੱਚ ਪੰਜਾਬ ਨੂੰ ਪਾਵਰਕੱਟ ਨਹੀਂ ਝੱਲਣਾ ਪਵੇਗਾ।ਬਿਜਲੀ ਸਮਝੌਤੇ ਰੱਦ ਕਰਨ ਬਾਰੇ ਮੰਤਰੀ ਨੇ ਕਿਹਾ ਕਿ ਸੰਵਿਧਾਨਕ ਤੇ ਕਾਨੂੰਨੀ ਢੰਗ ਨਾਲ ਜੋ ਸਹੀ ਹੋਵੇਗਾ, ਲੋਕ ਹਿੱਤ ਵਿੱਚ ਫੈਸਲਾ ਲਿਆ ਜਾਵੇਗਾ,ਇਸ ਵੇਲੇ ਸਮਝੌਤੇ ਰੱਦ ਕਰਨ ਸਬੰਧੀ ਸਮੀਖਿਆ ਹੋ ਰਹੀ ਹੈ।

# ਗਿਆਨੀ ਹਰਪ੍ਰੀਤ ਸਿੰਘ ਅਤੇ ਐਡਵੋਕੇਟ ਧਾਮੀ ਨੂੰ ਐੱਨ ਆਰ ਆਈ ਥਮਿੰਦਰ ਸਿੰਘ ਵੱਲੋਂ ਸਵਾਲ

*** ਗੁਰੂ ਗ੍ਰੰਥ ਸਾਹਿਬ ਛਾਪਣ ਲਈ ਇਕੱਲੀ ਸ਼੍ਰੋਮਣੀ ਕਮੇਟੀ ਦੀ ਮਨਾਪਲੀ ਕਿਉਂ?**

ਕੋਟਕਪੂਰਾ, 29 ਮਾਰਚ (ਪੋਸਟ ਬਿਊਰੋ)- ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਅਮਰੀਕਾ ਵਿੱਚ ਹੋ ਰਹੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਜਾਰੀ ਕੀਤਾ ਬਿਆਨ ਉਨ੍ਹਾਂ ਲਈ ਔਕੜ ਪੈਦਾ ਕਰ ਸਕਦਾ ਹੈ ਕਿਉਂਕਿ ਪ੍ਰਵਾਸੀ ਭਾਰਤੀ ਥਮਿੰਦਰ ਸਿੰਘ ਨੇ ਤਖ਼ਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਕੁਝ ਅਜਿਹੇ ਸਵਾਲ ਕੀਤੇ ਹਨ, ਜਿਨ੍ਹਾਂ ਦਾ ਜਵਾਬ ਦੇਣਾ ਉਨ੍ਹਾਂ ਲਈ ਔਖਾ ਹੋਵੇਗਾ।



ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਵਿੱਚਹੁੰਦੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਇੱਕ ਬਿਆਨ ਜਾਰੀ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਤੋਂ ਬਿਨਾਂ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਛਾਪਣ ਦਾ ਅਧਿਕਾਰ ਨਹੀਂ ਹੈ ਤੇ ਨਾਹੀ ਛਪਾਈ ਵੇਲੇ ਜਾਂ ਉਤਾਰੇ ਕਰਦਿਆਂ ਰਹਿ ਗਈਆਂ ਗਲਤੀਆਂ ਨੂੰ ਠੀਕ ਕਰਨ ਦਾ ਅਧਿਕਾਰ ਹੈ। ਇਸ ਸਬੰਧੀ ਥਮਿੰਦਰ ਸਿੰਘ ਨੇ ਸਮੁੱਚੇ ਸਿੱਖ ਪੰਥ ਨੂੰ ਕੁਝ ਬੇਨਤੀਆਂ ਕਰਨ ਦੇ ਨਾਲ ਤਖ਼ਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਸਵਾਲ ਕੀਤੇ ਹਨ। ਉਨ੍ਹਾਂ ਕਿਹਾ ਹੈ ਕਿ ਮੇਰੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਨਿਮਰ ਬੇਨਤੀ ਹੈ ਕਿ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਛਾਪਣਾ ਸ਼ੁਰੂ ਕੀਤਾ ਸੀ ਤਾਂ ਕਿਨ੍ਹਾਂ ਵਿਦਵਾਨਾਂ ਦੀ ਕਮੇਟੀ ਬਣਾਈ ਸੀ ਅਤੇ ਕਿਸ ਹੱਥ ਲਿਖਤ ਬੀੜ ਨੂੰ ਆਧਾਰ ਬਣਾਇਆ ਸੀ? ਦੂਸਰਾ ਕਿ 2 ਸ਼੍ਰੋਮਣੀ ਕਮੇਟੀ ਦੇ ਆਪਣੇ ਹੀ ਛਾਪੇ ਸਰੂਪਾਂ ਵਿੱਚ ਉਨ੍ਹਾਂ ਨੇ ਕਈ ਵਾਰ ਤਬਦੀਲੀਆਂ ਕਿਉਂ ਕੀਤੀਆਂ, ਜਿਸ ਵਿੱਚੋਂ ਕਈ ਤਬਦੀਲੀਆਂ ਦਾ ਸਬੰਧ ਕੀ ਸਿਆਸੀ ਪ੍ਰਭਾਵ ਤੇ ਵੋਟਾਂ ਲੈਣ ਦੀ ਖ਼ਾਤਰ ਸੀ? ਇਸ ਵਿੱਚ ਮੂਲ ਮੰਤਰ ਦੀ ਬੇਤਰਤੀਬੀ ਸਭ ਤੋਂ ਵਧੇਰੇ ਵਰਨਣਯੋਗ ਹੈ, ਜਿਹੜੀ ਸ਼੍ਰੋਮਣੀ ਕਮੇਟੀ ਨੇ ਕੀਮਤੀ ਬਲਾਕਾਂ ਨੂੰ ਤੋੜ ਕੇ ਨਵੇਂ ਸਰੂਪ ਛਾਪ ਕੇ ਕੀਤੀ ਸੀ। ਸ਼੍ਰੋਮਣੀ ਕਮੇਟੀ ਨੇ ਇਸ ਬਾਰੇਅੱਜ ਤਕ ਨਹੀਂ ਦੱਸਿਆ ਕਿ ਕਿਹੜਾ ਸਰੂਪ ਪ੍ਰਮਾਣਤ ਹੈ? ਤੀਸਰਾ ਇਹ ਕਿ ਜਦੋਂ ਸ਼੍ਰੋਮਣੀ ਕਮੇਟੀ ਬਣੀ ਸੀ, ਉਦੋਂ ਪੰਜਾਬੋਂ ਬਾਹਰ ਵੱਸਦੇ ਸਿੱਖਾਂ ਦੀ ਇਸ ਵਿੱਚ ਕੋਈ ਨੁਮਾਇੰਦਗੀ ਨਹੀਂ ਰੱਖੀ ਗਈ ਸੀ। ਅੱਜ ਸ਼੍ਰੋਮਣੀ ਕਮੇਟੀ ਦੀ ਹੱਦ ਵੀ ਸੁੰਗੜ ਕੇ ਸ਼ੰਭੂ ਬਾਰਡਰ ਤਕ ਰਹਿ ਗਈ ਹੈ, ਪਰ ਸੰਸਾਰ ਭਰ ਵਿੱਚ ਸਿੱਖਾਂ ਦੀ ਆਬਾਦੀ ਵਧਦੀ ਜਾਂਦੀ ਹੈ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਵਧੀ ਜਾਂਦੀਆਂ ਹਨ, ਇਸ ਪਾਸੇ ਸ਼੍ਰੋਮਣੀ ਕਮੇਟੀ ਦਾ ਕੋਈ ਧਿਆਨ ਨਹੀਂ ਤੇ ਨਾ ਸ਼੍ਰੋਮਣੀ ਕਮੇਟੀ ਵਿੱਚ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀ ਕੋਈ ਨੁਮਾਇੰਦਗੀ ਦਾ ਪ੍ਰਬੰਧ ਕੀਤਾ ਹੈ ਤਾਂਕਿ ਉਹ ਆਪਣੀਆਂ ਸਮੱਸਿਆਵਾਂ ਰੱਖ ਸਕਣ। ਚੌਥਾ ਇਹ ਕਿ ਦੁਨੀਆ ਭਰ ਵਿੱਚ ਗੁਰਦੁਆਰੇ ਵੀ ਵੱਧ ਰਹੇ ਹਨ ਤੇ ਸਿੱਖਾਂ ਦੀ ਆਬਾਦੀ ਵੀ ਵਧੀ ਜਾਣ ਕਰ ਕੇ ਗੁਰੂ ਗ੍ਰੰਥ ਸਾਹਿਬਦੇ ਸਰੂਪਾਂ ਦੀ ਮੰਗ ਦਾ ਵੀ ਦਿਨੋਂ ਦਿਨ ਵਧਣਾ ਸੁਭਾਵਕ ਹੈ। ਇਸ ਦਾ ਕੋਈ ਯੋਗ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਨਹੀਂ ਕੀਤਾ ਗਿਆ ਅਤੇ ਨਾ ਅਕਾਲ ਤਖ਼ਤ ਸਾਹਿਬ ਨੇ ਕਦੀ ਇਸ ਵੱਲ ਧਿਆਨ ਦਿੱਤਾ ਹੈ। ਪੰਜਵਾਂ ਜਦੋਂ ਕੋਈ ਵਿਦੇਸ਼ੀ ਸਿੱਖ ਆਪਣੇ ਮਾਮਲੇ ਆਪ ਹੱਲ ਕਰਨ ਦੀ ਕੋਸ਼ਿਸ਼ ਕਰਦੇ ਜਾਂ ਖੋਜ ਕਾਰਜ ਕਰਦੇ ਹਨ ਤਾਂ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਆਪਣੀ ਮਨਾਪਲੀ ਅਧੀਨ ਉਨ੍ਹਾਂ ਨੂੰ ਵਰਜਣ ਦੀ ਕੋਸ਼ਿਸ਼ ਕਿਉਂ ਕਰਦੇ ਹਨ?

ਏਸੇ ਸਿਲਸਿਲੇ ਵਿੱਚ ਉਨ੍ਹਾਂ ਨੇ ਛੇਵਾਂ ਸਵਾਲ ਪੁੱਛਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਰਿਸਰਚ ਸਕਾਲਰ ਰਣਧੀਰ ਸਿੰਘ ਅਤੇ ਦੋ ਹੋਰ ਖੋਜੀ ਸੱਜਣਾਂ ਗਿਆਨੀ ਕੁੰਦਨ ਸਿੰਘ ਤੇ ਨਿਹੰਗ ਭਾਈ ਗਿਆਨ ਸਿੰਘ ਉੱਤੇ ਆਧਾਰਤ ਸਬ ਕਮੇਟੀ ਬਣਾਈ ਸੀ, ਇਸ ਕਮੇਟੀ ਨੇ ਸਾਲਾਂਬੱਧੀ ਮਿਹਨਤ ਕਰਕੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਹੱਥ ਲਿਖਤ ਬੀੜਾਂ ਦੇ ਆਧਾਰ ਉੱਤੇ ਛਪੀ ਹੋਈ ਬੀੜ ਵਿੱਚ ਰਹਿ ਗਈਆਂ ਉਕਾਈਆਂ ਤੇ ਪਾਠ-ਭੇਦਾਂ ਬਾਰੇ ਰਿਪੋਰਟ ਤਿਆਰ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਅਤੇ ਉਹ ਰਿਪੋਰਟ ਸ਼੍ਰੋਮਣੀ ਕਮੇਟੀ ਨੇ ਛਪਵਾ ਕੇ ਸੰਗਤਾਂ ਸਾਹਮਣੇ ਲਿਆਂਦੀ ਪਰ ਅੱਜ ਤਕ ਉਸ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਪੰਥ ਦੀ ਜਾਣਕਾਰੀ ਲਈ ਇਸ ਦੀ ਭੂਮਿਕਾ ਅਕਾਲ ਤਖ਼ਤ ਸਾਹਿਬ ਦੇਮਰਹੂਮ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਦੀ ਲਿਖੀ ਹੋਈ ਹੈ। ਸੱਤਵਾ ਸਵਾਲ ਇਹ ਕਿ ਇਸ ਤੋਂ ਬਾਅਦ ਮਾਰਚ 1996 ਵਿੱਚ ਜਥੇਦਾਰ ਅਕਾਲ ਤਖ਼ਤ ਦੇ ਆਦੇਸ਼ਾਂ ਅਨੁਸਾਰ ਵਿਦਵਾਨਾਂ ਦੀ ਇੱਕ ਹੋਰ ਕਮੇਟੀ ਬਣਾਈ ਗਈ, ਜਿਸ ਵਿੱਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਭਾਈ ਜੋਗਿੰਦਰ ਸਿੰਘ ਤਲਵਾੜਾ, ਗਿਆਨੀ ਹਰਬੰਸ ਸਿੰਘ ਪਟਿਆਲਾ, ਪ੍ਰੋ. ਬਿਕਰਮ ਸਿੰਘ, ਜਥੇਦਾਰ ਅਵਤਾਰ ਸਿੰਘ ਸਨ, ਇਸ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ-ਸਰੂਪਾਂ ਅਤੇ ਸ਼ਬਦਾਰਥ ਸੈਂਚੀਆਂ ਵਿੱਚ ਪਾਠ-ਭੇਦਾਂ ਅਤੇ ਛਾਪੇ ਦੀਆਂ ਗ਼ਲਤੀਆਂ ਬਾਰੇ ਸ਼੍ਰੋਮਣੀ ਕਮੇਟੀ ਨੂੰ ਰਿਪੋਰਟ ਸੌਂਪੀ, ਪਰ ਅੱਜ ਤਕ ਉਸ ਉੱਤੇ ਵੀ ਕੋਈ ਅਮਲ ਨਹੀਂ ਕੀਤਾ ਗਿਆ? ਅੱਠਵਾਂ ਇਹ ਕਿ ਇਸ ਤੋਂ ਇਲਾਵਾ ਦਮਦਮੀ ਟਕਸਾਲ ਨੇ ਆਪਣੀ ਛਾਪੀ ਪੋਥੀ ਗੁਰਬਾਣੀ ਪਾਠ ਦਰਪਣ ਵਿੱਚ ਤਕਰੀਬਨ 1500 ਪਾਠ-ਭੇਦਾਂ ਬਾਰੇ ਲਿਖਤੀ ਸੂਚਨਾ ਦਿੱਤੀ ਹੋਈ ਹੈ। ਇਸ ਪਾਸੇ ਵੀ ਸ਼੍ਰੋਮਣੀ ਕਮੇਟੀ ਨੇ ਸੋਚਣ ਦਾ ਕੋਈ ਯਤਨ ਕਿਉਂ ਨਹੀਂ ਕੀਤਾ? ਨੌਵਾਂ ਸਵਾਲ ਇਹ ਕਿ ਗਿਆਨੀ ਜਗਤਾਰ ਸਿੰਘ ਜਾਚਕ ਸਾਬਕਾ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਆਪਣੀ ਪੁਸਤਕ ਸਰਬੋ-ਤਮਤਾ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਬਾਰੇ ਬਹੁਤ ਅਹਿਮ ਸੂਚਨਾਵਾਂ ਦਰਜ ਕੀਤੀਆਂ ਹਨ, ਹੋਰ ਬਹੁਤ ਸਾਰੇ ਵਿਦਵਾਨਾਂ ਨੇ ਵੀ ਇਸ ਪਾਸੇ ਕਾਫ਼ੀ ਕੰਮ ਕੀਤਾ ਹੈ।

ਭਾਈ ਥਮਿੰਦਰ ਸਿੰਘ ਦੇ ਮੁਤਾਬਕ ਇਸ ਅਹਿਮ ਸਮੱਸਿਆਵਾਂ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਸੀ, ਕਿਉਂਕਿ ਉਹ ਆਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਾ ਜਮਾਤ ਮੰਨਦੀ ਹੈ। ਉਸ ਨੇ ਅੱਜ ਤਕ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦਿੱਤਾ। ਅੱਜਕੱਲ੍ਹ ਜਦ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੇ ਆਪਣੇ ਖਰਚੇ ਉੱਤੇ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਦਾ ਉਪਰਾਲਾ ਕੀਤਾ ਹੈ ਤਾਂ ਐਨਾ ਵਾਵੇਲਾ ਕਿਉਂ ਮਚਾਇਆ ਜਾ ਰਿਹਾ ਹੈ?ਇੱਕ ਪਾਸੜ ਸੋਚ ਵਾਲੇ ਆਪਣੇ ਝੋਲੀ ਚੁੱਕ ਚਾਰ ਕੁ ਵਿਦਵਾਨਾਂ ਦੀ ਰਾਇ ਲੈ ਕੇ ਕੌਮ ਦੇ ਐਨੇ ਗਹਿਰ ਗੰਭੀਰ ਮਸਲਿਆਂ ਦਾ ਹੱਲ ਨਹੀਂ ਕਰ ਸਕਦੇ, ਹਾਂ ਇਹ ਜ਼ਰੂਰ ਹੈ ਕਿ ਤੁਸੀਂ ਜ਼ੋਰ ਜ਼ਬਰਦਸਤੀ ਇਸ ਆਵਾਜ਼ ਨੂੰ ਬੰਦ ਕਰਨ ਦਾ ਯਤਨ ਕਰੋਗੇ ਪਰ ਮਸਲਾ ਉਥੇ ਦਾ ਉਥੇ ਹੀ ਰਹੇਗਾ, ਜਦੋਂ ਤਕ ਕਿ ਸਮੁੱਚੇ ਪੰਥ ਦੇ ਵਿਦਵਾਨਾਂ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਗੁਰਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਕੋਈ ਵਡੇਰਾ ਯਤਨ ਨਹੀਂ ਆਰੰਭਿਆ ਜਾਂਦਾ।

## 'ਆਪ' ਵਲੋਂ ਪਿੰਡਾਂ ਵਿੱਚ ਗ੍ਰਾਮ ਸਭਾ ਸੈਸ਼ਨ ਕਰਾਉਣ ਦਾ ਐਲਾਨ

ਚੰਡੀਗੜ੍ਹ, 29 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਧਿਕਾਰੀਆਂ ਨੂੰ 26 ਜੂਨ ਨੂੰ ਪੰਜਾਬ ਦੇ ਸਾਰ ਪਿੰਡਾਂ ਵਿੱਚ ਗ੍ਰਾਮ ਸਭਾ ਬੁਲਾਉਣ ਦੀ ਹਦਾਇਤ ਕੀਤੀ ਹੈ।

ਗ੍ਰਾਮ ਸਭਾ ਨੂੰ ਪੇਂਡੂ ਵਿਕਾਸ ਦਾ ਸਭ ਤੋਂ ਮਜ਼ਬੂਤ ਥੰਮ੍ਹ ਕਰਾਰ ਦਿੰਦਿਆਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਗ੍ਰਾਮ ਸਭਾ ਵਿੱਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਈ ਜਾਵੇ ਤੇ ਪਿੰਡਾਂ ਵਿੱਚ ਗ੍ਰਾਮ ਸਭਾਵਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇ। ਉਨ੍ਹਾ ਕਿਹਾ ਕਿ ਗ੍ਰਾਮ ਸਭਾ ਬਾਰੇ ਪਿੰਡਾਂ ਵਿੱਚ ਢੰਗ ਨਾਲ ਪੋਸਟਰ ਲਾਏ ਜਾਣ, ਇਸ ਦੇ ਸਾਰੇ ਪ੍ਰਬੰਧਕ ਸਮੇਂ ਸਿਰ ਯਕੀਨੀ ਬਣਾਏ ਜਾਣ ਅਤੇ ਪਿੰਡਾਂ ਦੇ ਸਾਰੇ ਵਿਕਾਸ ਕਾਰਜ ਤਕਨੀਕੀ ਸ਼ਾਖਾਵਾਂ ਤੋਂ ਸਹੀ ਵਿਉਂਤਬੰਦੀ ਤੇ ਰੂਪ ਰੇਖਾ ਨਾਲ ਨੇਪਰੇ ਚਾੜ੍ਹੇ ਜਾਣ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਘੱਟੋ-ਘੱਟ ਮਿਆਦ 25 ਸਾਲ ਹੋਣੀ ਚਾਹੀਦੀ ਹੈ ਤੇ ਵਿਕਾਸ ਕਾਰਜਾਂ ਲਈ ਸਿਰਫ ਮਿਆਰੀ ਸਮੱਗਰੀ ਹੀ ਵਰਤੀ ਜਾਵੇ। ਜੇ ਪਿੰਡਾਂ ਦੇ ਵਿਕਾਸ ਕਾਰਜਾਂ ਦਾ ਅਨੁਮਾਨ ਤੇ ਵਿਉਂਤਬੰਦੀ ਸਹੀ ਨਾ ਹੋਈ ਤਾਂ ਤਕਨੀਕੀ ਸ਼ਾਖਾਵਾਂ ਦੇ ਅਧਿਕਾਰੀ ਜ਼ਿੰਮੇਵਾਰ ਹੋਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਕੋਈ ਵੀ ਕੁਤਾਹੀ ਨਾ ਕਰਨ ਅਤੇ ਕਿਸੇ ਸਰਪੰਚ ਤੋਂ ਕਮਿਸ਼ਨ ਨਾ ਲੈਣ। ਜੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਵਰਤੀਆਂ ਜਾਂਦੀਆਂ ਇੰਟਰਲਾਕਿੰਗ ਟਾਈਲਾਂ, ਇੱਟਾਂ, ਸੀਮਿੰਟ ਆਦਿ ਸਮੱਗਰੀ ਵਿੱਚ ਕਿਸੇ ਅਧਿਕਾਰੀ ਦਾ ਸਿੱਧਾ ਜਾਂ ਅਸਿੱਧਾ ਹਿੱਸਾ ਪਤਾ ਲੱਗਿਆ ਤਾਂ ਉਸ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਸਾਧੂਆਂ ਨੂੰ ਨਿਪੁੰਸਕ ਬਣਾਉਣ ਦਾ ਮਾਮਲਾ

## ਹਾਈ ਕੋਰਟ ਵੱਲੋਂ ਸੀ ਬੀ ਆਈ ਤੇ ਸੌਦਾ ਸਾਧ ਨੂੰ ਨਵੇਂ ਹੁਕਮ

ਚੰਡੀਗੜ੍ਹ, 29 ਮਾਰਚ (ਪੋਸਟ ਬਿਊਰੋ)- ਹਾਈ ਕੋਰਟ ਨੇ ਡੇਰੇ ਵਿੱਚ ਸਾਧੂਆਂ ਨੂੰ ਨਿਪੁੰਸਕ ਬਣਾਉਣ ਸਬੰਧੀ ਡੇਰਾ ਮੁੱਖੀ ਵਿਰੁੱਧ ਚੱਲਦੇ ਕੇਸ ਦੀ ਸੀ ਬੀ ਆਈ ਵੱਲੋਂ ਸੁਣਵਾਈ ਕਰਨ ਦੀ ਮੰਗ ਉੱਤੇ 21 ਅਪ੍ਰੈਲ ਨੂੰ ਸਭ ਧਿਰਾਂ ਨੂੰ ਅੰਤਿਮ ਬਹਿਸ ਕਰਨ ਦੇ ਹੁਕਮ ਦਿੱਤੇ ਹਨ। ਕੱਲ੍ਹ ਜਸਟਿਸ ਅਰਵਿੰਦਰ ਸਾਂਗਵਾਨ ਨੇ ਸੀ ਬੀ ਆਈ ਵੱਲੋਂ ਇਸ ਮੰਗ ਨੂੰ ਲੈ ਕੇ ਦਾਇਰ ਅਰਜ਼ੀ ਉੱਤੇ ਸੁਣਵਾਈ ਕਰਦਿਆਂ ਇਹ ਹੁਕਮ ਦਿੱਤਾ ਸੀ।

ਸੀ ਬੀ ਆਈ ਨੇ ਇਸ ਤੋਂ ਪਹਿਲਾਂ ਸਾਲ 2019 ਵਿੱਚ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਫਿਰ ਸੀ ਬੀ ਆਈ ਨੇ ਪੰਚਕੂਲਾ ਸੀ ਬੀ ਆਈ ਅਦਾਲਤ ਦੇ ਉਸ ਹੁਕਮ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਸ ਤਹਿਤ ਪੰਚਕੂਲਾ ਦੀ ਸੀ ਬੀ ਆਈ ਅਦਾਲਤ ਨੇ ਸੀ ਬੀ ਆਈ ਨੂੰ ਇਸ ਕੇਸ ਦੀ ਕੇਸ ਡਾਇਰੀ ਡੇਰਾ ਮੁੱਖੀ ਅਤੇ ਹੋਰ ਮੁਲਜ਼ਮਾਂ ਨੂੰ ਸੌਂਪਣ ਦੇ ਹੁਕਮ ਦਿੱਤੇ ਸਨ। ਸੀ ਬੀ ਆਈ ਦੀ ਪਟੀਸ਼ਨ ਉੱਤੇ ਆਖ਼ਰੀ ਵਾਰ ਦਸੰਬਰ 2019 ਵਿੱਚ ਹਾਈ ਕੋਰਟ ਵਿੱਚ ਸੁਣਵਾਈ ਹੋਈ ਸੀ ਅਤੇ ਫਿਰ ਹਾਈ ਕੋਰਟ ਨੇ ਇਸ ਪਟੀਸ਼ਨ ਉੱਤੇ ਸੁਣਵਾਈ 30 ਮਾਰਚ 2020 ਤਕ ਮੁਲਤਵੀ ਕਰ ਦਿੱਤੀ ਸੀ।ਉਸ ਤੋਂ ਬਾਅਦ ਕੋਰੋਨਾ ਦੇ ਕਾਰਨ, ਹਾਈ ਕੋਰਟ ਵਿੱਚ ਇਸ ਕੇਸ ਦੀ ਸੁਣਵਾਈ ਨਹੀਂ ਹੋਈ ਅਤੇ ਸੁਣਵਾਈ ਲਗਾਤਾਰ ਟਾਲਦੀ ਜਾ ਰਹੀ ਹੈ।




# ਨੈਸ਼ਨਲ ਫੂਡ ਸਕਿਊਰਟੀ ਐਕਟ 2013 ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ: ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ

***ਅਧਿਕਾਰੀਆਂ ਨਾਲ ਮੀਟਿੰਗ ਉਪਰੰਤ ਮਿੱਡ-ਡੇ-ਮੀਲ, ਆਂਗਣਵਾੜੀ ਅਤੇ ਰਾਸ਼ਨ ਡਿਪੂਆਂ ਤੇ ਸਕੂਲਾਂ ਆਦਿ ਦੀ ਕੀਤੀ ਚੈਕਿੰਗ**

ਮੋਗਾ/ਬਾਘਾਪੁਰਾਣਾ/ਅਜੀਤਵਾਲ, 29 ਮਾਰਚ (ਗਿਆਨ ਸਿੰਘ)- ਸ਼੍ਰੀ ਚੇਤਨ ਪ੍ਰਕਾਸ਼ ਧਾਲੀਵਾਲ, ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਨੇ ਕਿਹਾ ਹੈ ਕਿ ਪੰਜਾਬ ਦੇ ਹਰੇਕ ਯੋਗ ਲਾਭਪਾਤਰੀ ਤੱਕ ਮੁਫ਼ਤ ਅਤੇ ਰਿਆਯਤੀ ਦਰਾਂ ਉੱਤੇ ਰਾਸ਼ਨ ਪਹੁੰਚਣਾ ਯਕੀਨੀ ਬਣਾਉਣ ਲਈ ਹਰ ਸੰਭਵ ਕੋਸਿਸ਼ ਕੀਤੀ ਜਾ ਰਹੀ ਹੈ। ਇਸ ਲਈ ਨੈਸ਼ਨਲ ਫੂਡ ਸਕਿਊਰਟੀ ਐਕਟ 2013 ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਹ ਅੱਜ ਸਥਾਨਕ ਰੈਸਟ ਹਾਊਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਉਪਰੰਤ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।



ਉਹਨਾਂ ਕਿਹਾ ਕਿ ਦੇਸ਼ ਵਿੱਚ ਲਾਗੂ ਕੀਤੇ ਗਏ ਨੈਸ਼ਨਲ ਫੂਡ ਸਕਿਊਰਟੀ ਐਕਟ 2013 ਨੂੰ ਪੂਰੀ ਤਰਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਮਿਸ਼ਨ ਵੱਲੋਂ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਇਸੇ ਕੜੀ ਤਹਿਤ ਹੀ ਉਹ ਅੱਜ ਜ਼ਿਲਾ ਮੋਗਾ ਦਾ ਦੌਰਾ ਕਰਨ ਲਈ ਪਹੁੰਚੇ ਹਨ। ਭਵਿੱਖ ਵਿੱਚ ਵੀ ਅਜਿਹੇ ਦੌਰੇ ਅਤੇ ਚੈਕਿੰਗ ਜਾਰੀ ਰਹੇਗੀ। ਇਸ ਤੋਂ ਪਹਿਲਾਂ ਮੀਟਿੰਗ ਵਿੱਚ ਜ਼ਿਲਾ ਮੋਗਾ ਵਿੱਚ ਅਨਾਜ ਦੀ ਵੰਡ ਦੇ ਕੰਮਕਾਜ, ਮਿੱਡ ਡੇ ਮੀਲ, ਆਂਗਣਵਾੜੀ ਸਕੀਮਾਂ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਅਧਿਕਾਰੀਆਂ ਨਾਲ ਰੀਵਿਊ ਕੀਤਾ ਗਿਆ।

ਉਨਾਂ ਆਦੇਸ਼ ਦਿੱਤਾ ਕਿ ਡਿਪੂਆਂ ਵਿੱਚ ਮਿਲ ਰਹੇ ਰਾਸ਼ਨ, ਸਕੂਲਾਂ ਵਿੱਚ ਲਾਭਪਾਤਰੀਆਂ ਨੂੰ ਮਿਡ-ਡੇ-ਮੀਲ ਅਤੇ ਆਂਗਣਵਾੜੀ ਕੇਂਦਰ ਵਿੱਚ ਦਿੱਤੇ ਜਾ ਰਹੇ ਲਾਭਾਂ ਸਬੰਧੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵੰਡ ਕੀਤੀ ਜਾਵੇ। ਉਨਾਂ ਇਹ ਵੀ ਹਦਾਇਤ ਕੀਤੀ ਕਿ ਆਂਗਣਵਾੜੀ ਸੈਂਟਰਾਂ, ਸਕੂਲਾਂ ਰਾਹੀਂ ਪ੍ਰਦਾਨ ਕੀਤੇ ਜਾਂਦੇ ਰਾਸ਼ਨ, ਅਨਾਜ ਖਾਣੇ ਸਬੰਧੀ ਕਿਸੇ ਪ੍ਰਕਾਰ ਦੀ ਸ਼ਿਕਾਇਤ/ਸੁਝਾਅ ਲਈ ਨਿਰਧਾਰਤ ਪ੍ਰੋਫਾਰਮੇ ਵਿੱਚ ਬੋਰਡ ਬਣਾ ਕੇ ਲਗਾਏ ਜਾਣ।

ਇਸ ਉਪਰੰਤ ਉਨਾਂ ਵੱਲੋਂ ਸਬੰਧਤ ਅਧਿਕਾਰੀਆਂ ਨਾਲ ਜਾ ਕੇ ਸਰਕਾਰੀ ਸਕੂਲ ਦਸ਼ਮੇਸ਼ ਨਗਰ, ਸਰਕਾਰੀ ਪ੍ਰਾਇਮਰੀ ਸਕੂਲ ਸਿੰਘਾਂਵਾਲਾ, ਸਰਕਾਰੀ ਰਾਸ਼ਨ ਡਿਪੂ ਬਾਘਾਪੁਰਾਣਾ, ਅਜੀਤਵਾਲ ਅਤੇ ਝੰਡੇਆਣਾ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨਾਂ ਸਕੂਲਾਂ ਵਿੱਚ ਦਿੱਤੇ ਜਾਂਦੇ ਮਿਡ-ਡੇ-ਮੀਲ ਵਿੱਚ ਹੋਰ ਸੁਧਾਰ ਲਿਆਉਣ ਅਤੇ ਸਫਾਈ ਦੇ ਪੁਖਤਾ ਪ੍ਰਬੰਧ ਕਰਨ ਦੀ ਵੀ ਹਦਾਇਤ ਕੀਤੀ। ਉਨਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਬੰਧ ਵਿੱਚ ਕਿਸੇ ਤਰਾਂ ਦੀ ਵੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨਾਂ ਸਰਕਾਰੀ ਰਾਸ਼ਨ ਦੇ ਡਿਪੂ ਵਿੱਚ ਜਾ ਕੇ ਲਾਭਪਾਤਰੀਆਂ ਨਾਲ ਗੱਲ ਕੀਤੀ ਅਤੇ ਕਣਕ ਦੇ ਬੈਗਾਂ ਨੂੰ ਕੰਡੇ ਉੱਤੇ ਤੋਲ ਕੇ ਭਾਰ ਚੈਕ ਕੀਤਾ ਗਿਆ ਜੋ ਕਿ ਸਹੀ ਪਾਇਆ ਗਿਆ।

ਇਸ ਦੌਰੇ ਸਮੇਂ ਉਨਾਂ ਦੇ ਨਾਲ ਸ੍ਰ ਰਵਿੰਦਰਪਾਲ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸ੍ਰ ਸਰਤਾਜ ਸਿੰਘ ਚੀਮਾ ਜ਼ਿਲਾ ਖੁਰਾਕ ਅਤੇ ਸਪਲਾਈ ਕੰਟਰੋਲਰ, ਸ਼੍ਰੀ ਸੁਸ਼ੀਲ ਕੁਮਾਰ ਤੁਲੀ ਤੇ ਸ੍ਰ ਵਰਿੰਦਰਪਾਲ ਸਿੰਘ ਦੋਵੇਂ ਜ਼ਿਲਾ ਸਿੱਖਿਆ ਅਫ਼ਸਰ, ਸ਼੍ਰੀ ਰਾਕੇਸ਼ ਮੱਕੜ ਉਪ ਜ਼ਿਲਾ ਸਿੱਖਿਆ ਅਫਸਰ (ਐ:ਸਿ:), ਸ੍ਰ ਗੁਰਲਾਲ ਸਿੰਘ ਏ.ਐਫ.ਐਸ.ਓ. ਅਤੇ ਹੋਰ ਹਾਜ਼ਰ ਸਨ।

# ਆਸਾਮ ਦੇ ਮੁੱਖ ਮੰਤਰੀ ਦੀ ਮੰਗ, ਐਨ ਆਰ ਸੀ ਪੂਰੀ ਸਮੀਖਿਆ ਮਗਰੋਂ ਨਵੇਂ ਤਰੀਕੇ ਨਾਲ ਬਣੇ




ਗੁਹਾਟੀ, 29 ਮਾਰਚ (ਪੋਸਟ ਬਿਊਰੋ)- ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕੱਲ੍ਹ ਕਿਹਾ ਕਿ ਨੈਸ਼ਨਲ ਸਿਟੀਜ਼ਨਜ਼ ਰਜਿਸਟਰ (ਐਨ ਆਰ ਸੀ) ਦੀ ਘੋਖ ਕਰ ਕੇ ਇਸ ਨੂੰ ਨਵੇਂ ਸਿਰੇ ਤੋਂ ਬਣਾਉਣਾ ਚਾਹੀਦਾ ਹੈ।

ਗੁਹਾਟੀ ਵਿੱਚਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇਕਿਹਾ ਕਿ ਅਸੀਂ ਪਹਿਲਾਂ ਵੀ ਕਿਹਾ ਸੀ ਕਿ ਐਨ ਆਰ ਸੀ ਦੀ ਘੋਖ ਕਰਨੀ ਚਾਹੀਦੀ ਹੈ ਤੇ ਇਸ ਨੂੰ ਨਵੇਂ ਸਿਰੇ ਤੋਂ ਤਿਆਰ ਕਰਨਾ ਜਣਾ ਚਾਹੀਦਾ ਹੈ। ਇਸ ਬਾਰੇ ਆਲ ਆਸਾਮ ਸਟੂਡੈਂਟਸ ਯੂਨੀਅਨ (ਆਸੂ) ਨਾਲ ਸਾਡੀ ਚਰਚਾ ਚੱਲ ਰਹੀ ਹੈ। ਇਸ ਤੋਂ ਪਹਿਲਾਂ ਵੀਰਵਾਰ ਆਸਾਮ ਦੇ ਖੇਤੀ ਮੰਤਰੀ ਅਤੁਲ ਬੋਰਾ ਨੇ ਕਿਹਾ ਸੀ ਕਿ ਸੂਬਾ ਸਰਕਾਰ ਨੇ ਐਨ ਆਰ ਸੀ (ਜੋ 2019 ਅਗਸਤ ਵਿੱਚ ਛਪਿਆ ਸੀ) ਉੱਤੇ ਨਜ਼ਰਸਾਨੀ ਲਈ ਸੁਪਰੀਮ ਕੋਰਟ ਜਾਣ ਦਾ ਫੈਸਲਾ ਕੀਤਾ ਹੈ। ਬੋਰਾ ਨੇ ਕਿਹਾ ਸੀ ਕਿ ਇਹ ਫੈਸਲਾ ਆਲ ਆਸਾਮ ਸਟੂਡੈਂਟਸ ਯੂਨੀਅਨ ਤੇ ਹੋਰ ਸਥਾਨਕ ਸੰਗਠਨਾਂ ਨਾਲ ਬੈਠਕ ਵਿੱਚ ਲਿਆ ਗਿਆ ਸੀ। ਦੂਜੇ ਪਾਸੇ ਆਸੂ ਦੇ ਸਲਾਹਕਾਰ ਸਮੁੱਜਲ ਭੱਟਾਚਾਰੀਆ ਨੇ ਕਿਹਾ ਸੀ ਕਿ ਕਈ ਗੈਰ ਕਾਨੂੰਨੀ ਬੰਗਲਾਦੇਸ਼ੀ ਲੋਕਾਂ ਦੇ ਨਾਂਅ ਐਨ ਆਰ ਸੀ ਦੀ ਅੰਤਿਮ ਸੂਚੀ ਵਿੱਚ ਹਨ। ਅਸੀਂ ਗੈਰ ਕਾਨੂੰਨੀ ਬੰਗਲਾਦੇਸ਼ੀ ਮੁਕਤ ਐਨ ਆਰ ਸੀ ਚਾਹੁੰਦੇ ਹਾਂ।

ਡਾਕਟਰ ਭੱਟਾਚਾਰੀਆ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਐਨ ਆਰ ਸੀ ਸੂਚੀ ਉੱਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ। ਅਸੀਂ ਪਹਿਲਾਂ ਹੀ ਸੁਪਰੀਮ ਕੋਰਟ ਦੇ ਸਾਹਮਣੇ ਪਟੀਸ਼ਨ ਦਾਖਲ ਕਰ ਚੁੱਕੇ ਹਾਂ। ਕੇਂਦਰ ਤੇ ਸੂਬਾ ਦੋਵਾਂ ਨੂੰ ਵੀ ਸਹੀ ਐਨ ਆਰ ਸੀ ਲਈ ਸੁਪਰੀਮ ਕੋਰਟ ਦਾ ਰੁਖ਼ ਕਰਨਾ ਚਾਹੀਦਾ ਹੈ। ਐਨ ਆਰ ਸੀ ਦੀ ਪਹਿਲੀ ਸੂਚੀ 1951 ਵਿੱਚ ਅਸਾਮ ਵਿੱਚਛਪੀ ਸੀ। ਇਸ ਨੂੰ ਅਪਡੇਟ ਕਰਨ ਲਈ ਤੀਹ ਜੁਲਾਈ 2018 ਨੂੰ ਐਨ ਆਰ ਸੀ ਦਾ ਖਰੜਾ ਛਾਪਿਆ ਗਿਆ ਸੀ, ਜਿਸ ਵਿੱਚ 3.3 ਕਰੋੜ ਬਿਨੈਕਾਰਾਂ ਵਿੱਚੋਂ 19.06 ਲੱਖ ਲੋਕ ਸੂਚੀ ਤੋਂ ਬਾਹਰ ਕਰ ਦਿੱਤੇ ਗਏ।

# ਸਬ ਇੰਸਪੈਕਟਰ ਦੀ ਲਿਖਤੀ ਪ੍ਰੀਖਿਆ ਮੌਕੇ ਹੰਗਾਮਾ

*** ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਕਿਰਪਾਨ ਉਤਾਰਨ ਨੂੰ ਕਿਹਾ**



ਜੰਮੂ, 29 ਮਾਰਚ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਪੁਲਸ ਦੇ ਸਬ-ਇੰਸਪੈਕਟਰ ਦੀ ਪ੍ਰੀਖਿਆ ਦੌਰਾਨ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਰਾਜੌਰੀ ਜ਼ਿਲ੍ਹੇ ਵਿੱਚ ਸਬ ਇੰਸਪੈਕਟਰ ਦੀ ਭਰਤੀ ਪ੍ਰੀਖਿਆ ਮੌਕੇ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰ ਅੰਦਰ ਜਾਣ ਤੋਂ ਪਹਿਲਾਂ ਕ੍ਰਿਪਾਨ ਉਤਾਰਨ ਲਈ ਕਿਹਾ ਗਿਆ।

ਇਸ ਮੌਕੇ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਅਤੇ ਤਿੰਨ ਅੰਮ੍ਰਿਤਧਾਰੀ ਕੁੜੀਆਂ ਨੇ ਆਪਣੀਆਂ ਕਿਰਪਾਨ ਉਤਾਰ ਕੇ ਅੰਦਰ ਜਾਣ ਤੋਂ ਮਨ੍ਹਾ ਕਰ ਦਿੱਤਾ। ਇਸ ਦੀ ਖ਼ਬਰ ਜਦੋਂ ਮੀਡੀਆ ਰਾਹੀਂ ਸਮਾਜਕ ਕਾਰਕੁੰਨ ਬਲਵਿੰਦਰ ਸਿੰਘ ਨੂੰ ਮਿਲੀ ਤਾਂ ਉਨ੍ਹਾਂ ਨੇ ਸਰਕਾਰ ਦੇ ਉਚ ਅਧਿਕਾਰੀਆਂ ਨੂੰ ਫ਼ੋਨ ਕਰ ਕੇ ਦੱਸਿਆ ਤਾਂ ਉਚ ਅਧਿਕਾਰੀਆਂ ਦੇ ਦਖ਼ਲ ਉੱਤੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰ ਅੰਦਰ ਜਾਣ ਦੀ ਆਗਿਆ ਦਿੱਤੀ ਗਈ।ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਲੈਫਟੀਨੈਂਟ ਗਵਰਨਰ ਜੰਮੂ ਕਸ਼ਮੀਰ ਦੇ ਪੀਏ, ਡਿਪਟੀ ਕਮਿਸ਼ਨਰ ਰਾਜੌਰੀ, ਐਸ ਐਸ ਪੀ ਰਾਜੌਰੀ ਨਾਲ ਗੱਲਬਾਤ ਕੀਤੀ, ਜਿਸ ਤੋਂ ਬਾਅਦ ਅੰਮ੍ਰਿਤਧਾਰੀ ਸਿੱਖ ਨੌਜਵਾਨ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਗਈ।

# ਹਿਜਾਬ ਲਾਹੁਣ ਤੋਂ ਇਨਕਾਰ ਕਰਦੀ ਸੁਪਰਵਾਈਜ਼ਰ ਸਸਪੈਂਡ



ਬੰਗਲੌਰ, 29 ਮਾਰਚ (ਪੋਸਟ ਬਿਊਰੋ)- ਕਰਨਾਟਕਾ ਵਿੱਚ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੇ ਪਹਿਲੇ ਦਿਨ ਹਿਜਾਬ ਵਿਵਾਦ ਦੌਰਾਨਕਈ ਵਿਦਿਆਰਥਣਾਂ ਨੇ ਵਰਦੀ ਪਹਿਨ ਕੇ ਪ੍ਰੀਖਿਆ ਦਿੱਤੀ, ਪਰ ਕੁਝ ਨੂੰ ਹਿਜਾਬ ਪਹਿਨਿਆ ਹੋਣ ਕਰ ਕੇ ਵਾਪਸ ਭੇਜ ਦਿੱਤਾ ਗਿਆ, ਜਦੋਂ ਕਿ ਕੁਝ ਕੁ ਨੇ ਖੁਦ ਪ੍ਰੀਖਿਆ ਨਾ ਦੇਣ ਦਾ ਫੈਸਲਾ ਲਿਆ।

ਇਸ ਦੌਰਾਨ ਸਿੱਖਿਆ ਵਿਭਾਗ ਨੇ ਹਿਜਾਬ ਲਾਹੁਣ ਤੋਂ ਇਨਕਾਰੀ ਇੱਕ ਪ੍ਰੀਖਿਆ ਸੁਪਰਵਾਈਜ਼ਰ ਨੂੰ ਸਸਪੈਂਡ ਕਰ ਦਿੱਤਾ ਹੈ। ਜਾਣਕਾਰਸੂਤਰਾਂ ਨੇ ਦੱਸਿਆ ਕਿ ਨੂਰ ਫਾਤਿਮਾ ਨਾਂਅ ਦੀ ਸੁਪਰਵਾਈਜ਼ਰ ਕੇ ਐਸ ਟੀ ਵੀ ਹਾਈ ਸਕੂਲ ਵਿੱਚ ਡਿਊਟੀ ਉੱਤੇ ਸੀ ਅਤੇ ਹਿਜਾਬ ਪਹਿਨ ਕੇ ਆਈ ਸੀ। ਜਦੋਂ ਉਸ ਨੂੰ ਹਿਜਾਬ ਲਾਹੁਣ ਨੂੰ ਕਿਹਾ ਗਿਆ ਤਾਂ ਉਸ ਨੇ ਇਨਕਾਰ ਕਰ ਦਿੱਤਾ। ਇਸ ਪਿੱਛੋਂ ਉਸ ਨੂੰ ਕੇਂਦਰ ਵਿੱਚੋਂ ਵਾਪਸ ਭੇਜ ਦਿੱਤਾ ਅਤੇ ਸਸਪੈਂਡ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਬਾਗਲਕੋਟ ਜ਼ਿਲ੍ਹੇ ਵਿੱਚ ਇੱਕ ਸਰਕਾਰੀ ਸਕੂਲ ਵਿੱਚ ਹਿਜਾਬ ਪਹਿਨ ਕੇ ਪ੍ਰੀਖਿਆ ਦੇਣ ਆਈ ਇੱਕ ਵਿਦਿਆਰਥਣ ਨੂੰ ਜਦੋਂ ਹਿਜਾਬ ਲਾਹੁਣ ਨੂੰ ਕਿਹਾ ਗਿਆ ਤਾਂ ਉਸ ਨੇ ਪ੍ਰੀਖਿਆ ਨਾ ਦੇਣ ਦਾ ਫੈਸਲਾ ਲਿਆ। ਇੱਕ ਘਟਨਾ ਵਿੱਚ ਬੇਲਾਗਾਵੀ ਜ਼ਿਲ੍ਹੇ ਵਿੱਚ ਚਿਕੋਡੀ ਸ਼ਹਿਰ ਵਿੱਚ ਪੁਲਸ ਵੱਲੋਂ ਹੋਰ ਵਿਦਿਆਰਥਣ ਦੀ ਥਾਂ ਪ੍ਰੀਖਿਆ ਦੇਣ ਪਹੁੰਚੀ ਇੱਕ ਲੜਕੀ ਸਣੇ ਛੇ ਫਰਜ਼ੀ ਉਮੀਦਵਾਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ।ਸੂਬੇ ਭਰ ਦੇ 3444 ਪ੍ਰੀਖਿਆ ਕੇਂਦਰਾਂ ਦੁਆਲੇ ਧਾਰਾ 144 ਲਗਾਈ ਗਈ ਹੈ ਅਤੇ 60,000 ਸਰਕਾਰੀ ਅਧਿਕਾਰੀ ਪ੍ਰੀਖਿਆ ਕੇਂਦਰਾਂ ਦੀ ਨਿਗਰਾਨੀ ਕਰ ਰਹੇ ਹਨ।

## ਕਾਰਾਂ ਦੀ ਟੱਕਰ ਵਿੱਚ ਚਾਰ ਮੌਤਾਂ, ਸੱਤ ਜ਼ਖਮੀ

ਕੁਰੂਕਸ਼ੇਤਰ, 29 ਮਾਰਚ (ਪੋਸਟ ਬਿਊਰੋ)- ਪਿੰਡ ਕਮੋਦਾ ਨੇੜੇ ਐਤਵਾਰ ਰਾਤ ਢਾਂਡ ਰੋਡ ਉੱਤੇਕਾਰ ਅਤੇ ਟਵੇਰਾ ਦੀ ਆਹਮੋ-ਸਾਹਮਣੀ ਟੱਕਰ ਕਾਰਨ ਔਰਤ ਸਣੇ ਚਾਰ ਜਣਿਆਂ ਦੀ ਮੌਤ ਹੋ ਗਈ ਅਤੇ ਸੱਤ ਜ਼ਖਮੀ ਹੋ ਗਏ।

ਟਵੇਰਾ ਕਾਰ ਵਿੱਚ ਸਵਾਰ ਨੌਂ ਜਣੇ ਹਰਿਦੁਆਰ ਤੋਂ ਪੰਜਾਬ ਜਾ ਰਹੇ ਸਨ ਤੇਜਦ ਕਿ ਆਈ-ਟੈਨ ਵਿੱਚ ਸਵਾਰ ਲੋਕ ਕੈਥਲ ਤੋਂ ਕੁਰੂਕਸ਼ੇਤਰ ਆ ਰਹੇ ਸਨ। ਇਸ ਹਾਦਸੇ ਵਿੱਚ ਆਈ ਟੈਨ ਕਾਰ ਵਿੱਚ ਸਵਾਰ ਹਰਿੰਦਰ ਮਲਿਕ (40) ਵਾਸੀ ਸ਼ਾਂਤੀ ਨਗਰ ਕੁਰੂਕਸ਼ੇਤਰ ਤੇ ਟਵੇਰਾ ਗੱਡੀ ਵਿੱਚ ਸਵਾਰ ਨੌਂ ਜਣਿਆਂ ਵਿੱਚੋਂ ਸੂਬਾ ਸਿੰਘ (55), ਬੂਟੀ ਰਾਮ (80) ਅਤੇ 36 ਵਰ੍ਹਿਆਂ ਦੀ ਅਣਪਛਾਤੀ ਮਹਿਲਾ ਦੀ ਮੌਤ ਹੋ ਗਈ ਹੈ।ਪੁਲਸ ਨੂੰ ਬਾਹੂ ਦੇਵੀ ਨੇ ਦੱਸਿਆ ਉਹ ਸ਼ਨੀਵਾਰ ਰਾਤ ਨੂੰ ਸੱਸ ਮਹਿੰਦਰਾ ਦੇਵੀ ਦੇ ਫੁੱਲ ਪਾਉਣ ਲਈ ਕਿਰਾਏਦੀ ਟਵੇਰਾ ਗੱਡੀ ਉਤੇ ਹਰਿਦੁਆਰ ਗਏ ਸਨ। ਡਰਾਇਵਰ ਹੰਸ ਰਾਜ ਤੇਜ਼ ਰਫਤਾਰ ਅਤੇ ਲਾਪਰਵਾਹੀ ਨਾਲ ਗੱਡੀ ਚਲਾ ਰਿਹਾ ਸੀ। ਜਦੋਂ ਉਹ ਰਾਤ 12 ਕੁ ਵਜੇ ਕਮੋਦਾ ਨੇੜੇ ਪਹੁੰਚੇ ਤਾਂ ਹੰਸ ਰਾਜ ਨੇ ਸਾਹਮਣੇ ਤੋਂ ਆਈ ਕਾਰ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ 4 ਲੋਕਾਂ ਦੀ ਮੌਤ ਹੋ ਗਈ ਅਤੇ 7 ਜਣੇ ਜਖਮੀ ਹੋਣ ਗਏ।

# ਅਫਗਾਨਿਸਤਾਨ ਵਿੱਚ ਸਰਕਾਰੀ ਮੁਲਾਜ਼ਮਾਂ ਲਈ ਦਾੜ੍ਹੀ ਰੱਖਣਾ ਲਾਜ਼ਮੀ



ਕਾਬੁਲ, 29 ਮਾਰਚ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਤਾਲਿਬਾਨ ਹਾਕਮਾਂ ਨੇ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਦਾੜ੍ਹੀ ਰੱਖਣ ਤੇ ਡਰੈਸ ਕੋਡ ਦਾ ਪਾਲਣ ਕਰਨ ਦਾ ਨਿਰਦੇਸ਼ ਜਾਰੀ ਕੀਤਾ ਹੈ। ਉਲੰਘਣਾ ਕਰਨ ਵਾਲਿਆਂ ਨੂੰ ਬਰਖਾਸਤ ਕੀਤਾ ਜਾਵੇਗਾ। ਕੱਟੜਪੰਥੀ ਇਸਲਾਮੀ ਪ੍ਰਸ਼ਾਸਨ ਨੇ ਪਿੱਛੇ ਜਿਹੇ ਛੇਵੀਂ ਤੋਂ ਉਪਰ ਦੀਆਂ ਜਮਾਤਾਂ ਵਿੱਚ ਕੁੜੀਆਂ ਦੇ ਪੜ੍ਹਨ ਤੇ ਇਕੱਲੀਆਂ ਔਰਤਾਂ ਦੀ ਹਵਾਈ ਯਾਤਰਾ ਉੱਤੇ ਪਾਬੰਦੀ ਸਮੇਤ ਕਈ ਨਿਰਦੇਸ਼ ਥੋਪੇ ਹਨ।

ਬੀਤੇ ਐਤਵਾਰ ਨੂੰ ਤਾਲਿਬਾਨ ਨੇ ਪਾਰਕਾਂ ਬਾਰੇ ਹੁਕਮ ਜਾਰੀ ਕੀਤੇ। ਔਰਤਾਂ ਨੂੰ ਹਫਤੇ ’ਚ ਤਿੰਨ ਦਿਨ ਤੇ ਮਰਦਾਂ ਨੂੰ ਹਫਤੇ ਦੇ ਅਖੀਰ ਸਮੇਤ ਚਾਰ ਦਿਨ ਪਾਰਕਾਂ ਵਿੱਚ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ।ਮੁਲਾਜ਼ਮ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ, ਇਸ ਦੀ ਨਿਗਰਾਨੀ ਕਰਨ ਲਈ ਜਨਤਕ ਨੈਤਿਕਤਾ ਮੰਤਰਾਲੇ ਵੱਲੋਂ ਸਰਕਾਰੀ ਦਫਤਰਾਂ ਦੇ ਗੇਟਾਂ ਉੱਤੇ ਨਿਗਰਾਨੀ ਜਾਰੀ ਹੈ। ਮੁਲਾਜ਼ਮਾਂ ਨੂੰ ਦਾੜ੍ਹੀ ਨਾ ਬਣਾਉਣ ਤੇ ਸਥਾਨਕ ਪਹਿਰਾਵਾਂ ਪਾਉਣ ਦਾ ਨਿਰਦੇਸ਼ ਦੇਣ ਦੇ ਨਾਲ ਸਹੀ ਸਮੇਂ ਉੱਤੇ ਨਮਾਜ਼ ਪੜ੍ਹਨ ਨੂੰ ਕਿਹਾ ਗਿਆ ਹੈ।ਤਾਲਿਬਾਨ ਸਰਕਾਰ ਨੇ ਸਥਾਨਕ ਮੀਡੀਆ ਰਾਹੀਂ ਕੌਮਾਂਤਰੀ ਮੀਡੀਆ ਦੇ ਪ੍ਰਸਾਰਨ ਉੱਤੇ ਪਾਬੰਦੀ ਲਾਉਣ ਦਾ ਫੈਸਲਾ ਵੀ ਲਿਆ ਹੈ।

ਬੀ ਬੀ ਸੀ ਐਤਵਾਰ ਰਾਤ ਦਾ ਪ੍ਰਸਾਰਨ ਰੋਕਣ ਵਾਲਾ ਪਹਿਲਾ ਕੌਮਾਂਤਰੀ ਮੀਡੀਆ ਹਾਊਸ ਬਣਿਆ ਹੈ। ਉਸ ਨੇ ਤਾਲਿਬਾਨ ਨੂੰ ਆਪਣਾ ਫੈਸਲਾ ਪਲਟਣ ਲਈ ਕਿਹਾ ਹੈ।ਤਾਲਿਬਾਨ ਦੇ ਮੁਖੀ ਨੇਤਾ ਮੁੱਲ੍ਹਾ ਹੇਬੁਤੱਲ੍ਹਾ ਅਖੁੰਦਜ਼ਾਦਾ ਨੇ ਫੌਜ ਦੇ ਅਧਿਕਾਰੀਆਂ ਨੂੰ ਆਪਣੇ ਰੈਂਕ ਵਿੱਚ ਅੱਲੜ੍ਹਾਂ ਦੀ ਭਰਤੀ ਨਾ ਕਰਨ ਨੂੰ ਕਿਹਾ ਹੈ। ਇੱਕ ਸਰਕਾਰੀ ਹੁਕਮ ਵਿੱਚ ਉਨ੍ਹਾਂ ਕਿਹਾ ਕਿ ਤਾਲਿਬਾਨ ਸ਼ਾਸਨ ਦੇ ਕਿਸੇ ਫੌਜੀ ਅੱਡੇ ਵਿੱਚ ਅੱਲੜ੍ਹਾਂ ਨੂੰ ਇਜਾਜ਼ਤ ਨਾ ਦਿੱਤੀ ਜਾਵੇ। ਨਾਬਾਲਗ ਫੌਜੀ ਮੁਹਿੰਮ ਚਲਾਉਣ ਵਿੱਚ ਅਸਮਰਥ ਹਨ ਤੇ ਫੌਜੀ ਰੈਂਕਿੰਗ ਵਿੱਚ ਘੱਟ ਉਮਰ ਦੇ ਮੈਂਬਰ ਆਉਣ ਨਾਲ ਬਦਨਾਮੀ ਹੋਵੇਗੀ।

# ਨਿਰਮਲਾ ਸੀਤਾਰਮਨ ਦੇ ਮੁਤਾਬਕ ਮੋਦੀ ਸਰਕਾਰ ਵਿੱਚ ਡਿਫਾਲਟਰਾਂ ਤੋਂ ਪੈਸਾ ਵਾਪਸ ਮਿਲਿਐ



ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬੀਤੇ ਦਿਨ ਲੋਕ ਸਭਾ ਵਿੱਚ ਪਿਛਲੀ ਯੂ ਪੀ ਏ ਸਰਕਾਰ ਉੱਤੇ ਜ਼ੋਰਦਾਰ ਹਮਲਾ ਬੋਲਿਆ ਹੈ।

ਐਨ ਪੀ ਏ ਹੋਏ ਕਰਜ਼ਿਆਂ ਦੀ ਭਰਪਾਈ ਨਾ ਕਰ ਸਕਣ ਦਾ ਦੋਸ਼ ਮੜ੍ਹਦੇ ਹੋਏ ਨਿਰਮਲਾ ਸੀਤਾਰਮਨ ਨੇਕਿਹਾ ਕਿ ਬੈਂਕਾਂ ਨੂੰ ਪਹਿਲੀ ਵਾਰ ਮੋਦੀ ਸਰਕਾਰ ਵਿੱਚ ਡਿਫਾਲਟਰਾਂ ਤੋਂ ਪੈਸਾ ਵਾਪਸ ਮਿਲਿਆ ਹੈ। ਉਨ੍ਹਾਂ ਇਹ ਕਿਹਾ ਕਿ ਵੱਖ-ਵੱਖ ਧੋਖਾਧੜੀ ਵਾਲੀਆਂ ਯੋਜਨਾਵਾਂ ਨਾਲ ਛੋਟੇ ਨਿਵੇਸ਼ਕਾਂ ਨੂੰ ਠੱਗਣ ਵਾਲੇ ਲੋਕਾਂ ਦੇ ਖਿਲਾਫ ਸ਼ਿਕਾਇਤ ਦਰਜ ਹੋਣ ਸਣੇ ਕਈ ਕਾਰਵਾਈਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਰਿਜ਼ਰਵ ਬੈਂਕ ਐਪ ਆਧਾਰਤ ਵਿੱਤੀ ਕੰਪਨੀਆਂ ਉੱਤੇ ਨਿਗਰਾਨੀ ਰੱਖ ਰਿਹਾ ਹੈ।ਡਿਫਾਲਟਰ ਅਤੇ ਐਨ ਪੀ ਏ ਖਿਲਾਫ ਸਰਕਾਰ ਦੀ ਕਾਰਵਾਈ ਉੱਤੇ ਡੀ ਐਮ ਕੇ ਪਾਰਟੀ ਦੇ ਟੀ ਆਰ ਬਾਲੂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਕਰਜ਼ੇ ਨੂੰ ਵੱਟੇ ਖਾਤੇ ਪਾਉਣ ਦਾ ਮਤਲਬ ਉਨ੍ਹਾਂ ਨੂੰ ਮੁਆਫ ਕਰਨਾ ਨਹੀਂ, ਬੈਂਕ ਹਰ ਕਰਜ਼ੇ ਦੀ ਉਗਰਾਹੀਦਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਨਤਕ ਖੇਤਰ ਦੇ ਬੈਂਕਾਂ ਦੇ ਡਿਫਾਲਟਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੇ ਨਾਲ ਉਨ੍ਹਾਂ ਤੋਂ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਰਾਸ਼ੀ ਵਸੂਲੀ ਗਈ ਹੈ, ਜਦ ਕਿ ਯੂ ਪੀ ਏ ਸਰਕਾਰ ਵਿੱਚ ਐਨ ਪੀ ਏ ਤੋਂ ਕੋਈ ਭਰਪਾਈ ਨਹੀਂ ਹੋਈ। ਵਿੱਤ ਮੰਤਰੀ ਦੇ ਇਸ ਬਿਆਨ ਉੱਤੇ ਸਦਨ ਵਿੱਚ ਕਾਂਗਰਸ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਇਤਰਾਜ਼ ਕੀਤਾ ਤਾਂ ਸੀਤਾਰਮਨ ਨੇ ਕਿਹਾ ਕਿ ਵਿਰੋਧੀ ਪਾਰਟੀ ਨੂੰ ਕੌੜਾ ਸੱਚ ਸੁਣਨਾ ਚਾਹੀਦਾ ਹੈ।

# ਕਰਨਾਟਕ ਵਿੱਚ ਹਲਾਲ ਮੀਟ ਨੂੰ ਲੈ ਕੇ ਇੱਕ ਹੋਰ ਵਿਵਾਦ



ਬੇਂਗਲੁਰੂ, 29 ਮਾਰਚ (ਪੋਸਟ ਬਿਊਰੋ)- ਕਰਨਾਟਕ ਵਿੱਚ ਇੱਕ ਹਿੰਦੂ ਸੱਜੇ ਪੱਖੀਧੜਾ ਹਲਾਲ ਮੀਟ ਦੀ ਖਰੀਦ ਵਿਰੁੱਧ ਮੁਹਿੰਮ ਸ਼ੁਰੂ ਕਰਨ ਜਾ ਰਿਹਾ ਹੈ, ਜਿਸ ਨਾਲ ਨਵਾਂ ਵਿਵਾਦ ਛਿੜ ਰਿਹਾ ਹੈ।

ਹਿੰਦੂ ਜਨਜਾਗ੍ਰਿਤੀ ਕਮੇਟੀ ਦੇ ਬੁਲਾਰੇ ਮੋਹਨ ਗੌੜਾ ਨੇ ਕਿਹਾ ਕਿ ਉਗਾਦੀ ਦੌਰਾਨ ਮੀਟ ਦੀ ਬਹੁਤ ਖਰੀਦ ਹੁੰਦੀ ਹੈ ਤੇ ਅਸੀਂ ਹਲਾਲ ਮੀਟ ਵਿਰੁੱਧ ਮੁਹਿੰਮ ਚਲਾ ਰਹੇ ਹਾਂ। ਇਸਲਾਮ ਅਨੁਸਾਰ ਹਲਾਲ ਮੀਟ ਪਹਿਲਾਂ ਅੱਲ੍ਹਾ ਨੂੰ ਚੜ੍ਹਾਇਆ ਜਾਂਦਾ ਹੈ ਅਤੇ ਇਸ ਨੂੰ ਹਿੰਦੂ ਦੇਵਤਿਆਂ ਨੂੰ ਨਹੀਂ ਚੜ੍ਹਾਇਆ ਜਾ ਸਕਦਾ। ਇਹ ਬਿਆਨ ਉਸ ਸਮੇਂ ਆਇਆ ਹੈ ਜਦ ਕਰਨਾਟਕ ਵਿੱਚ ਹਿਜ਼ਾਬ ਉੱਤੇ ਪਾਬੰਦੀ ਕਾਰਨ ਪਹਿਲਾਂ ਹੀ ਵਿਵਾਦ ਚੱਲ ਰਿਹਾ ਹੈ। ਬਸਵਰਾਜ ਬੋਮੱਈ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਉੱਤੇ ਦੱਖਣੀ ਸੂਬੇ ਵਿੱਚ ਧਰੁਵੀਕਰਨ ਉਤਸ਼ਾਹਿਤ ਕਰਨ ਦੇ ਦੋਸ਼ ਲੱਗਦੇ ਹਨ। ਗੌੜਾ ਨੇ ਕਿਹਾ ਕਿ ਹਰ ਵਾਰ ਜਦ ਮੁਸਲਮਾਨ ਕਿਸੇ ਜਾਨਵਰ ਨੂੰ ਕੱਟਦੇ ਹਨ ਤਾਂ ਉਸ ਦਾ ਚਿਹਰਾ ਮੱਕਾ ਵੱਲ ਕੀਤਾ ਜਾਂਦਾ ਅਤੇ ਨਮਾਜ਼ ਪੜੀ ਜਾਂਦੀ ਹੈ। ਇਹ ਮੀਟ ਹਿੰਦੂ ਦੇਵਤਿਆਂ ਨੂੰ ਨਹੀਂ ਚੜਾਇਆ ਜਾ ਸਕਦਾ। ਹਿੰਦੂ ਧਰਮ ਵਿੱਚ ਜਾਨਵਰ ਨੂੰ ਤੜਫਾਉਣ ਵਿੱਚ ਯਕੀਨ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਬਿਜਲੀ ਦੇ ਝਟਕੇ ਨਾਲ ਮਾਰ ਦਿੱਤਾ ਜਾਂਦਾ ਹੈ।

# 8 ਰਾਜਾਂ ਵਿੱਚ ਹਿੰਦੂਆਂ ਨੂੰ ਘੱਟ ਗਿਣਤੀ ਦਾ ਦਰਜਾ ਦੇਣ ਦੀ ਮੰਗ

ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਭਾਰਤ ਦੇ ਜਿਨ੍ਹਾਂ ਰਾਜਾਂ ਵਿੱਚ ਹਿੰਦੂਆਂ ਦੀ ਆਬਾਦੀ ਘੱਟ ਹੈ, ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਉਨ੍ਹਾਂ ਲੋਕਾਂ ਨੂੰ ਘੱਟ ਗਿਣਤੀ ਦਾ ਦਰਜਾ ਦੇ ਸਕਦੀਆਂ ਹਨ।

ਸੁਪਰੀਮ ਕੋਰਟ ਵਿੱਚ ਦਾਇਰ ਇੱਕ ਐਫੀਡੇਵਿਟ ਵਿੱਚ ਭਾਰਤ ਦੇ ਕੇਂਦਰੀ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਨੇ ਕਿਹਾ ਹੈ ਕਿ ਸੂਬਾ ਸਰਕਾਰਾਂ ਰਾਜ ਵਿੱਚ ਕਿਸੇ ਧਾਰਮਿਕ ਜਾਂ ਭਾਸ਼ਾਈ ਭਾਈਚਾਰੇ ਨੂੰ ਘੱਟ ਗਿਣਤੀ ਭਾਈਚਾਰਾ ਐਲਾਨ ਕਰ ਸਕਦੀਆਂ ਹਨ। ਲੰਮੇ ਸਮੇਂ ਤੋਂ ਦੇਸ਼ ਦੇ ਲੋਕ ਇਸ ਮੁੱਦੇ ਉੱਤੇ ਕੇਂਦਰ ਸਰਕਾਰ ਦਾ ਸਟੈਂਡ ਜਾਨਣਾ ਚਾਹੁੰਦੇ ਸਨ।ਇਹ ਪਟੀਸ਼ਨ 2020 ਵਿੱਚ ਭਾਜਪਾ ਨੇਤਾ ਅਤੇ ਸੁਪਰੀਮ ਕੋਰਟ ਦੇ ਵਕੀਲ ਅਸ਼ਵਨੀ ਉਪਾਧਿਆਏ ਨੇ ਦਾਇਰ ਕੀਤੀ ਸੀ, ਜਿਸ ਦਾ ਕੇਂਦਰ ਨੇ ਜਵਾਬ ਦਿੱਤਾ ਹੈ। ਉਪਾਧਿਆਏ ਨੇ ਪਟੀਸ਼ਨ ਵਿੱਚ ਕਿਹਾ ਸੀ ਕਿ 2011 ਦੀ ਮਰਦਮਸ਼ੁਮਾਰੀ ਅਨੁਸਾਰ ਲਕਸ਼ਦੀਪ, ਮਿਜ਼ੋਰਮ, ਨਾਗਾਲੈਂਡ, ਮੇਘਾਲਿਆ, ਜੰਮੂ-ਕਸ਼ਮੀਰ, ਅਰੁਣਾਚਲ ਪ੍ਰਦੇਸ਼, ਮਣੀਪੁਰ ਅਤੇ ਪੰਜਾਬ ਵਿੱਚ ਹਿੰਦੂ ਘੱਟ ਗਿਣਤੀ ਵਿੱਚ ਹਨ ਅਤੇ ਇਨ੍ਹਾਂ ਰਾਜਾਂ ਵਿੱਚ ਹਿੰਦੂਆਂ ਨੂੰ ਘੱਟ ਗਿਣਤੀ ਦਾ ਦਰਜਾ ਦਿੱਤਾ ਜਾਵੇ।ਕੇਂਦਰ ਨੇ ਕੌਮੀ ਘੱਟ ਗਿਣਤੀ ਐਕਟ 1992 ਦੀ ਧਾਰਾ 2 (ਸੀ) ਹੇਠ 1993 ਵਿੱਚ ਪੰਜ ਭਾਈਚਾਰਿਆਂ (ਮੁਸਲਮਾਨਾਂ, ਸਿੱਖਾਂ, ਬੋਧੀਆਂ, ਪਾਰਸੀਆਂ ਅਤੇ ਈਸਾਈਆਂ) ਨੂੰ ਘੱਟ ਗਿਣਤੀ ਮੰਨਿਆ ਸੀ।1993 ਦੇ ਕੇਂਦਰੀ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਉਪਾਧਿਆਏ ਨੇ ਦੱਸਿਆ ਕਿ ਜੈਨ ਭਾਈਚਾਰੇ ਨੂੰ ਵੀ 2014 ਵਿੱਚ ਘੱਟ ਗਿਣਤੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਕੁਝ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਘੱਟ ਗਿਣਤੀ ਹੋਣ ਦੇ ਬਾਵਜੂਦ ਹਿੰਦੂਆਂ ਨੂੰ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ।

# ਸੂਚਨਾ ਕਮਿਸ਼ਨ ਦੇ ਹੁਕਮ ਦੇ ਖਿਲਾਫ ਪਟੀਸ਼ਨ ਉਤੇ ਫੈਸਲਾ ਰਾਖਵਾਂ

ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੇਂਦਰੀ ਸੂਚਨਾ ਕਮਿਸ਼ਨ ਦੇ ਇੱਕ ਹੁਕਮ ਖਿਲਾਫ ਪਾਈ ਪਟੀਸ਼ਨ ਉਤੇ ਫੈਸਲਾ ਰਾਖਵਾਂ ਰੱਖ ਲਿਆ ਹੈ।

ਵਰਨਣ ਯੋਗ ਹੈ ਕਿ ਸੂਚਨਾ ਕਮਿਸ਼ਨ ਨੇ ਸੁਪਰੀਮ ਕੋਰਟ ਕੌਲਿਜੀਅਮ ਦੀ ਮੀਟਿੰਗ ਦੇ ਏਜੰਡੇ ਨਾਲ ਜੁੜੀ ਇੱਕ ਆਰ ਟੀ ਆਈ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਉੱਤੇ ਅਰਜ਼ੀ (ਆਰ ਟੀ ਆਈ) ਪਾਉਣ ਵਾਲੀ ਧਿਰ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਇਸ ਤੋਂ ਪਹਿਲਾਂ ਅਰਜ਼ੀਕਰਤਾ ਨੇ ਆਰ ਟੀ ਆਈ ਪਾ ਕੇ 12 ਦਸੰਬਰ 2018 ਨੂੰ ਹੋਈ ਸੁਪਰੀਮ ਕੋਰਟ ਦੀ ਉਸ ਮੀਟਿੰਗ ਦੇ ਏਜੰਡੇ ਬਾਰੇ ਜਾਣਕਾਰੀ ਮੰਗੀ ਸੀ ਜਿਸ ਵਿੱਚ ਸੁਪਰੀਮ ਕੋਰਟ ਵਿੱਚ ਜੱਜਾਂ ਦੀ ਨਿਯੁਕਤੀ ਬਾਰੇ ਕੁਝ ਫੈਸਲੇ ਲਏ ਸਨ। ਹਾਈ ਕੋਰਟ ਨੇ ਇਸ ਪਟੀਸ਼ਨ ਉਤੇ ਕੱਲ੍ਹ ਸੁਣਵਾਈ ਕੀਤੀ।ਪਟੀਸ਼ਨਕਰਤਾ ਅੰਜਲੀ ਭਾਰਦਵਾਜ ਨੇ ਇਹ ਅਪੀਲ ਵਕੀਲ ਪ੍ਰਸ਼ਾਂਤ ਭੂਸ਼ਣ ਰਾਹੀਂ ਪਾਈ ਸੀ। ਉਨ੍ਹਾਂ ਦੀ ਦੂਜੀ ਆਰ ਟੀ ਆਈ ਸੂਚਨਾ ਕਮਿਸ਼ਨ ਨੇ 16 ਦਸੰਬਰ 2021 ਨੂੰ ਰੱਦ ਕਰ ਦਿੱਤੀ ਸੀ। ਪਟੀਸ਼ਨਕਰਤਾ ਨੇ ਹਾਈ ਕੋਰਟ ਵਿੱਚ ਮੰਗ ਕੀਤੀ ਹੈ ਕਿ ਇਸ ਮੀਟਿੰਗ ਨਾਲ ਜੁੜਦੀ ਜਾਣਕਾਰੀ ਉਨ੍ਹਾਂ ਨੂੰ ਦਿੱਤੀ ਜਾਵੇ। ਪਟੀਸ਼ਨ ਮੁਤਾਬਕ ਜਨਵਰੀ 2019 ਵਿੱਚ ਸੇਵਾਮੁਕਤ ਜਸਟਿਸ ਮਦਨ ਬੀ ਲੋਕੁਰ ਨੇ ਦਸੰਬਰ 2018 ਨੂੰ ਹੋਈ ਕੌਲਿਜੀਅਮ ਦੀ ਮੀਟਿੰਗ ਉਤੇ ਨਿਰਾਸ਼ਾ ਜ਼ਾਹਰ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਕੌਲਿਜੀਅਮ ਦਾ ਮਤਾ ਸੁਪਰੀਮ ਕੋਰਟ ਦੀ ਵੈਬਸਾਈਟ ਉਤੇ ਨਹੀਂ ਪਾਇਆ ਗਿਆ। ਜਸਟਿਸ ਮਦਨ ਬੀ ਲੋਕੁਰ ਕੌਲਿਜੀਅਮ ਦੀ ਮੀਟਿੰਗ ਦਾ ਹਿੱਸਾ ਸਨ ਅਤੇ ਤੀਹ ਦਸੰਬਰ 2018 ਵਿੱਚ ਸੇਵਾਮੁਕਤ ਹੋ ਗਏ ਸਨ।

## 1 ਘੰਟਾ 26 ਮਿੰਟ ਅੱਖ ਝਪਕੇ ਬਿਨਾਂ ਬਜ਼ੁਰਗ ਨੇ ਸੂਰਜ ਵੱਲ ਦੇਖਿਆ

ਮਥੁਰਾ, 29 ਮਾਰਚ (ਪੋਸਟ ਬਿਊਰੋ)- ਕਾਨ੍ਹਾ ਦੀ ਨਗਰੀ ਵਿੱਚ ਇੱਕ ਵਾਰ ਫਿਰ ਲਗਨ ਅਤੇ ਸ਼ਕਤੀ ਦਾ ਨਵਾਂ ਰਿਕਾਰਡ ਇੰਡੀਆ ਬੁਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ। ਸੂਰਜ ਨੂੰ ਬਿਨਾਂ ਅੱਖ ਝਪਕੇ ਦੇਖਣ ਦਾ ਇਹ ਨਵਾਂ ਰਿਕਾਰਡ 70 ਸਾਲਾ ਬਜ਼ੁਰਗ ਮਹਿੰਦਰ ਸਿੰਘ ਵਰਮਾ ਨੇਬਣਾਇਆ। ਪਿਛਲਾ ਰਿਕਾਰਡ ਵੀ ਉਨ੍ਹਾਂ ਦੇ ਨਾਮ ਸੀ।

ਆਪਣਾ ਹੀ ਰਿਕਾਰਡ ਤੋੜਦੇ ਹੋਏ ਮਹਿੰਦਰ ਸਿੰਘ ਨੇ ਸੂਰਜ ਨੂੰ ਟਿਕਟਕੀ ਲਾ ਕੇ ਬਿਨਾਂ ਪਲਕ ਝਪਕਾਏ ਇੱਕ ਘੰਟਾ 26 ਮਿੰਟ ਤਕ ਦੇਖਿਆ। ਇਸ ਮੌਕੇ ਇੰਡੀਆ ਬੁੱਕ ਆਫ ਰਿਕਾਰਡਜ਼ ਵੱਲੋਂ ਜੱਜ ਭਾਨੂ ਪ੍ਰਤਾਪ, ਸਾਬਕਾ ਵਿਧਾਇਕ ਪਰਦੀਪ ਮਾਥੁਰ, ਕੋਆਰਡੀਰੇਟਰ ਪ੍ਰੇਰਣਾ ਸ਼ਰਮਾਇਸ ਰਿਕਾਰਡ ਦੇ ਗਵਾਹ ਬਣੇ। ਆਮ ਤੌਰ ਉੱਤੇ ਸੂਰਜ ਨੂੰ ਟਿਕਟਕੀ ਲਗਾ ਕੇ ਬਿਨਾਂ ਚਸ਼ਮਾ ਲਾਏ ਦੇਖਣ ਤੋਂ ਮਨਾ ਕੀਤਾ ਜਾਂਦਾ ਹੈ, ਕਿਉਂਕਿ ਸੂਰਜ ਦੀਆਂ ਕਿਰਨਾਂ ਨਾਲ ਅੱਖਾਂ ਖ਼ਰਾਬ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।1 ਅਗਸਤ, 1951 ਨੂੰ ਜਨਮੇ ਰਿਟਾਇਰਡ ਸੇਲਜ਼ ਟੈਕਸ ਅਧਿਕਾਰੀ ਮਹਿੰਦਰ ਸਿੰਘ ਨੇ ਕਾਰਜਕ੍ਰਮ ਖਤਮ ਹੋਣ ਪਿੱਛੋਂ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਮੈਡੀਟੇਸ਼ਨ ਦੀ ਕਠਿਨ ਪ੍ਰਕਿਰਿਆ ਹੈ ਜਿਸ ਨੂੰ ਉਨ੍ਹਾਂ ਨੇ ਆਪਣੇ ਗੁਰੂ ਤੋਂ ਸਿੱਖਿਆ ਸੀ।ਅੱਖਾਂ ਦੇ ਰੋਗ ਵਿਗਿਆਨੀ ਡਾ. ਪ੍ਰਤੀਭਾ ਬੰਸਲ ਨੇ ਮਹਿੰਦਰ ਸਿੰਘ ਨੂੰ ਪੜ੍ਹਨ ਦੇ ਲਈ ਕਿਤਾਬ ਦਾ ਇੱਕ ਅੰਸ਼ ਦਿੱਤਾ, ਜਿਸ ਨੂੰ ਐਨਕ ਬਿਨਾਂ ਉਨ੍ਹਾਂ ਨੇ ਪੜ੍ਹ ਦਿੱਤਾ। ਡਾ. ਪ੍ਰਤੀਭਾ ਨੇ ਕਿਹਾ ਕਿ ਲਗਾਤਾਰ ਸੂਰਜ ਨੂੰ ਦੇਖਣ ਨਾਲ ਉਸਦਾ ਉਲਟਾ ਅਸਰ ਰੈਟਿਨਾ ਉੱਤੇ ਪੈਂਦਾ ਹੈ ਅਤੇ ਇਸ ਨਾਲ ਸਨਬਰਨ ਅਤੇ ਰੈਟੀਨੋਪੈਥੀ ਹੋ ਜਾਂਦੀ ਹੈ ਪਰ ਮਹਿੰਦਰ ਸਿੰਘ ਨੇ ਇਸਦਾ ਅਭਿਆਸ ਕੀਤਾ ਹੈ ਇਸ ਲਈ ਉਹ ਅਜਿਹਾ ਕਰਨ ਵਿੱਚ ਸਫਲ ਰਹੇ ਹਨ।

# ਵਿਗਿਆਨੀਆਂ ਵੱਲੋਂ ਸਿਰ ਅਤੇ ਗਰਦਨ ਦੇ ਕੈਂਸਰ ਵਾਸਤੇ ਨਵਾਂ ਕੰਬੋ ਇਲਾਜ ਤਿਆਰ




ਯੇਰੂਸ਼ਲਮ, 29 ਮਾਰਚ (ਪੋਸਟ ਬਿਊਰੋ)- ਇਸਰਾਈਲ ਦੀ ਅਗਵਾਈ ਵਾਲੀ ਇੱਕ ਖੋਜ ਟੀਮ ਨੇ ਮਿੱਥੀ ਹੋਈ ਦਵਾ ਤੇ ਇਮਿਊਨੋਥੈਰੇਪੀ ਦੀ ਵਰਤੋਂ ਕਰ ਕੇ ਸਿਰ ਤੇ ਗਰਦਨ ਦੇ ਕੈਂਸਰ (ਐਚ ਐਨ ਸੀ) ਦੇ ਲਈ ਇੱਕ ਸੰਭਾਵੀ ਨਵੇਂ ਇਲਾਜ ਦਾ ਵਿਕਾਸ ਕੀਤਾ ਹੈ, ਜਿਸ ਤੋਂ ਬਹੁਤ ਆਸਾਂ ਹੋ ਸਕਦੀਆਂ ਹਨ।

ਦੱਖਣੀ ਇਸਰਾਈਲ ਵਿੱਚ ਬੇਨ ਗੁਰੀਅਨ ਯੂਨੀਵਰਸਿਟੀ (ਬੀ ਜੀ ਯੂ) ਨੇ ਇਸ ਦਾ ਐਲਾਨ ਕੀਤਾ ਹੈ। ਰਿਪੋਰਟ ਅਨੁਸਾਰ ਖੋਜਕਾਰਾਂ ਨੇ ਟ੍ਰੈਮੈਟਿਨਿਬ ਨਾਮ ਦਾ ਨਵਾਂ ਕੰਬੀਨੇਸ਼ਨ ਇਲਾਜ ਲੱਭਾ ਹੈ, ਜੋ ਕੈਂਸਰ ਦੀ ਦਵਾ ਹੈ, ਇਹ ਇੱਕ ਪ੍ਰਕਾਰ ਦੇ ਸਫੈਦ ਸੈੱਲਾਂ ਨੂੰ ਕੈਂਸਰ ਸਥਾਨ ਉੱਤੇ ਲਿਆਉਂਦਾ ਹੈ ਅਤੇ ਐਂਟੀ-ਪੀ ਡੀ-1, ਇੱਕ ਇਮਿਊਨੋਥੈਰੇਪੀ ਹੈ ਜੋ ਸਿੱਧੇ ਕੈਂਸਰ ਨਾੜੀਆਂ ਨੂੰ ਨਹੀਂ ਮਾਰਦੀ, ਬਲਕਿ ਬਲਾਕ ਕਰਦੀ ਹੈ। ਖੋਜ ਵਿੱਚ ਕਿਹਾ ਗਿਆ ਹੈ ਪ੍ਰਾਚੀਨ ਇਲਾਜ ਵਿੱਚ ਟ੍ਰੈਮੇਟਿਨਿਬ ਨੇ ਕੈਂਸਰ ਨਾੜੀਆਂ ਦੇ ਮਿੱਥੇ ਅਤਿ-ਸਰਗਰਮ ਮਾਰਗ ਨੂੰ ਰੋਕਣ ਵਿੱਚ ਨਿਪੁੰਨਤਾ ਨਹੀਂ ਦਿਖਾਈ ਹੈ।

ਖੋਜਕਾਰਾਂ ਨੇ ਤਦ ਟਿਊਮਰ-ਹੋਸਟ ਇਂਟਰੈਕਸ਼ਨ ਦਾ ਵਿਸ਼ਲੇਸ਼ਣ ਕੀਤਾ, ਜਿਹੜੇ ਟਿਊਮਰ-ਅਸਰ ਵਾਲੇ ਚੂਹਿਆਂ ਵਿੱਚ ਰੋਗ ਤੋਂ ਰੱਖਿਆ ਤੋਂ ਬਚਣ ਦੀ ਸਹੂਲਤ ਪ੍ਰਦਾਨ ਕਰਦਾ ਹੈ ਅਤੇ ਪਤਾ ਲਾਇਆ ਕਿ ਇੱਕ ਛੋਟੇ ਜਿਹੇ ਟ੍ਰੈਮੇਟਿਨਿਬ ਇਲਾਜ ਦੀ ਵਰਤੋਂ ਕਰਨ ਨਾਲ ਵਿਰੋਧੀ ਟਿਊਮਰ ਐਂਟੀ-ਪੀ ਡੀ-1 ਇਮਿਊਨੋਥੈਰੇਪੀ ਪ੍ਰਤੀ ਵੱਧ ਸੰਵੇਦਨਸ਼ੀਲ ਹੋ ਸਕਦੇ ਹਨ।ਖੋਜ ਵਿੱਚ ਪੱਤਰਕਾਰ ਲੇਖਕ ਮੋਸ਼ੇ ਐਲਕਾਬੇਟਸ ਨੇ ਬੀ ਜੀ ਯੂ ਦੇ ਬਿਆਨ ਦੇ ਹਵਾਲੇ ਨਾਲ ਕਿਹਾ, ਸਾਨੂੰ ਪੂਰੀ ਉਮੀਦ ਹੈ ਕਿ ਆਨਕੋਲਜਿਸਟ ਐਚ ਐਨ ਸੀ ਰੋਗੀਆਂ ਵਿੱਚਇਲਾਜ ਕੰਬੀਨੇਸ਼ਨ ਦੀ ਜਾਂਚ ਕਰਨਗੇ, ਕਿਉਂਕਿ ਇਮਿਊਨੋਥੈਰੇਪੀ ਪ੍ਰਭਾਵ ਵਿੱਚ ਸੁਧਾਰ ਕੈਂਸਰ ਰੋਗੀਆਂ ਨੂੰ ਬਚਾਉਣ ਵਿੱਚ ਮਹੱਤਵਪੂਰਨ ਹੈ।




ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149
ਸ਼ਗਨਾਂ ਵਾਲੀ ਥੈਲੀ
ਸ਼ਾਲ
ਡੀਜ਼ਾਈਨਰ ਸੂਟ

# ਐਨ.ਆਰ.ਆਈਜ਼. ਦੀ ਸਹੂਲਤ ਲਈ ਹਰ ਜ਼ਿਲੇ ’ਚ ਲਗਾਏ ਜਾਣਗੇ ਨੋਡਲ ਅਫ਼ਸਰ: ਕੁਲਦੀਪ ਸਿੰਘ ਧਾਲੀਵਾਲ

ਚੰਡੀਗੜ, 29 ਮਾਰਚ (ਗਿਆਨ ਸਿੰਘ) ਐਨ.ਆਰ.ਆਈ. ਮਾਮਲੇ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਇੱਥੇ ਦੱਸਿਆ ਕਿ ਵਿਦੇਸ਼ਾਂ ’ਚ ਵਸਦੇ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਸੂਬੇ ਦੇ ਸਾਰੇ ਜ਼ਿਲਿਆਂ ’ਚ ਨੋਡਲ ਅਫ਼ਸਰ ਲਗਾਏ ਜਾਣਗੇ ਜੋ ਨਿੱਜੀ ਤੌਰ ’ਤੇ ਐਨ.ਆਰ.ਆਈਜ਼. ਦੀ ਸਹੂਲਤ ਲਈ ਪ੍ਰਸ਼ਾਸਨ ਨਾਲ ਤਾਲਮੇਲ ਕਰਨਗੇ। ਪਰਵਾਸੀ ਭਾਰਤੀ ਮਾਮਲੇ ਵਿਭਾਗ ਦੇ ਅਧਿਕਾਰੀਆਂ ਤੇ ਐਨ.ਆਰ.ਆਈ. ਕਮਿਸ਼ਨ ਦੇ ਮੈਂਬਰਾਂ ਨਾਲ ਇੱਕ ਅਹਿਮ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਹਦਾਇਤ ਕੀਤੀ ਕਿ ਨੋਡਲ ਅਫ਼ਸਰਾਂ ਦੀ ਤਾਇਨਾਤੀ ਪੂਰੇ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇ ਅਤੇ ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋਂ ਨਿਯਮਤ ਤੌਰ ’ਤੇ ਨੋਡਲ ਅਫ਼ਸਰਾਂ ਦੀ ਕਾਰਗੁਜ਼ਾਰੀ ਬਾਰੇ ਰੀਵਿਊ ਮੀਟਿੰਗ ਕਰਨਗੇ। ਸ. ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪ੍ਰਦੇਸਾਂ ’ਚ ਵਸਦੇ ਪੰਜਾਬੀਆਂ ਦੇ ਮਸਲਿਆਂ ਦੇ ਹੱਲ ਲਈ ਪੂਰੀ ਸੰਜੀਦਗੀ ਨਾਲ ਕੰਮ ਕਰ ਰਹੀ ਹੈ ਅਤੇ ਉਨਾਂ ਵੱਲੋਂ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਨੂੰ ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਸ. ਧਾਲੀਵਾਲ ਨੇ ਕਿਹਾ ਕਿ ਵਿਦੇਸ਼ਾਂ ’ਚ ਵਸਦੇ ਪੰਜਾਬੀਆਂ ਨਾਲ ਸਬੰਧਤ ਕੇਸਾਂ ਦੇ ਸਮਾਂਬੱਧ ਨਬੇੜੇ ਲਈ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਤੇ ਬਠਿੰਡਾ ਵਿਖੇ ਸਪੈਸ਼ਲ ਅਦਾਲਤਾਂ ਸਥਾਪਿਤ ਕੀਤੀਆਂ ਜਾਣਗੀਆਂ। ਉਨਾਂ ਕਿਹਾ ਕਿ ਇਸ ਸਬੰਧੀ ਕਾਰਵਾਈ ਸ਼ੁਰੂ ਕਰਨ ਲਈ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾ ਚੁੱਕੀ ਹੈ ਅਤੇ ਜਲਦ ਤੋਂ ਜਲਦ ਇਸ ਸਬੰਧੀ ਜ਼ਮੀਨੀ ਪੱਧਰ ’ਤੇ



ਕਾਰਵਾਈ ਸ਼ੁਰੂ ਕਰਵਾ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਨੋਡਲ ਅਫ਼ਸਰਾਂ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਵਿਦੇਸ਼ਾਂ ’ਚ ਵਸਦੇ ਪੰਜਾਬੀਆਂ ਦੀਆਂ ਕੇਂਦਰ ਸਰਕਾਰ ਤੇ ਅੰਬੈਸੀ ਨਾਲ ਸਬੰਧਤ ਮੁਸ਼ਕਿਲਾਂ ਦੇ ਹੱਲ ਲਈ ਵੀ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਉਨਾਂ ਕਿਹਾ ਕਿ ਲੋੜ ਪੈਣ ’ਤੇ ਉਹ ਖੁਦ ਕੇਂਦਰ ਸਰਕਾਰ ਨਾਲ ਗੱਲਬਾਤ ਕਰਨਗੇ ਤਾਂ ਜੋ ਐਨ.ਆਰ.ਆਈਜ਼. ਨੂੰ ਆਪਣੇ ਦੇਸ਼ ਪਰਤਣ ਮੌਕੇ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਕਿਹਾ ਕਿ ਇਸਦੇ ਨਾਲ ਹੀ ਵੱਖ-ਵੱਖ ਖੇਤਰਾਂ ’ਚ ਨਾਮਣਾ ਖੱਟਣ ਵਾਲੇ ਐਨ.ਆਰ.ਆਈਜ਼ ਦਾ ਪੰਜਾਬ ਸਰਕਾਰ ਵੱਲੋਂ ਸਨਮਾਨ ਵੀ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਵਿਦੇਸ਼ਾਂ ’ਚ ਵਸਦੇ ਸਾਰੇ ਪੰਜਾਬੀਆਂ ਦਾ ਪਿੰਡ ਵਾਇਜ਼ ਵੇਰਵਾ ਇਕੱਠਾ ਕਰਨ ਲਈ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਨੇ ਸਮੂਹ ਐਨ.ਆਰ.ਆਈਜ਼. ਨੂੰ ਵੀ ਸੱਦਾ ਦਿੱਤਾ ਕਿ ਆਪੋ-ਆਪਣੇ ਜੱਦੀ ਪਿੰਡਾਂ ’ਚ ਸਮਾਜਿਕ ਤੇ ਟਿਕਾਊ ਵਿਕਾਸ ਲਈ ਅੱਗੇ ਆਉਣ ਤਾਂ ਜੋ ਸੂਬੇ ’ਚ ਲੋੜੀਂਦੇ ਸੁਧਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ। ਉਨਾਂ ਇਹ ਵੀ ਭਰੋਸਾ ਦਿੱਤਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੇ ਪਾਰਦਰਸ਼ੀ ਢੰਗ ਨਾਲ ਸੂਬੇ ਦੇ ਸਰਵਪੱਖੀ ਵਿਕਾਸ ਲਈ ਪੂਰੀ ਵਾਹ ਲਾਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਢਿਓਲ
647-391-3365

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

## Urgently Need New Listings in Brampton/Caledon



visit: www.teamjagaujla.com

Call **JAG AUJLA**

MCNE, REAL ESTATE BROKER

DIR: 416-371-7777

j.aujla@rogers.com www.jagaujla.com

Follow Us:

GUARANTEED SOLD

**CALL JAG FOR A QUICK & FREE HOME EVALUATION**

www.BramptonTopRealtor.com www.BramptonTopAgent.com

### RECENTLY LISTED/SOLD IN YOUR NEIGHBOURHOOD BY JAG AUJLA

**JUST LISTED FOR SALE**

- Premium Lot
- Approx. 2 Years New
- Over 2500 Square Feet
- 4 Bedroom + 3 W.R.
- Family Room Open To Above
- Computer Loft
- Main Floor Laundry
- Loaded With Upgrades

BRANTFORD, ONTARIO — Call Jag Aujla For Details

**JUST LISTED FOR SALE**

- 70 Feet Wide Prem. Lot
- 4+2 Bedrooms + 6 Washroom + Upgraded
- 2 Bedroom Legal Basement Apt.
- Fully Renovated
- Approx 4000 S/F Living space
- Almost Everything New

* Spent over $200k on upgrades

BRAMPTON, ONTARIO — Call Jag Aujla For Details

**SOLD** $215,000 OVER ASKING IN 2 DAYS — 42 Lawnview Crt, Sandalwood /Hwy 10 / Braidwood

**SOLD** $101,000 OVER ASKING IN 2 DAYS — 11 Germain Circ, Miss.Rd/ William Pkwy/ Bovaird

**SOLD** $165,000 OVER ASKING IN 2 DAYS — 5 Mitchell Ave, Sandalwood/ Conestoga/ Dalzell

**SOLD** @101% OF ASKING PRICE — 12 Laurelcrest St, Queen / Laurelcrest / Hwy 410

**SOLD** $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410

**SOLD** @99% OF ASKING PRICE — 11 Van Hoof Crest, Castlemore/ Goreway / Latania

**SOLD** $121,000 OVER ASKING IN 6 DAYS Caledon — 42 Pinedale Ave, Kennedy / Dougall

**SOLD** $73,000 OVER ASKING IN 6 DAYS Shelbourne — 416 Olde Village Lane, Hwy 89 / Greenwood

**SOLD** $355,000 OVER ASKING IN 4 DAYS — 37 Esker Dr, Heart Lake Rd/Sandalwood Pkwy

**FREE**

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)

Off: 905-456-3232

*(Based on units sold & commissions)** *Some Conditions Apply.

*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777

MCNE, REAL ESTATE BROKER — NOT INTENDED TO SOLICIT BUYERS OR SELLER CURRENTLY UNDER CONTRACT — March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana

Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8

**SOLD** $1,399,999 — CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

**FOR SALE** $1,749,900 — 8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

**FOR SALE** $1,950,000 — 26 Yellow RomeRd

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

## HELP WANTED

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017